ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

(ਭਾਗ–9ਵਾਂ)

GURMAT ELEMENTARY COURSE

(CORRESPONDENCE COURSE)

LESSON 9

ਪਿਆਰ ਭਰਿਆ ਸਮਰਪਣ:

ਗਿਆਨੀ ਜਗਜੀਤ ਸਿੰਘ ਸਿਦਕੀ

ਪ੍ਰਿੰਸੀਪਲ ਕੰਵਰ ਮਹਿੰਦਰ ਪ੍ਰਤਾਪ ਸਿੰਘ

ਬੀਬੀ ਮਨਰਾਜ ਕੌਰ

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013 **ਫੋਨ :** 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਮਈ 2022 30/- ਰੁਪਏ

ਤਤਕਰਾ

ਵਿਸ਼ਾ ਸੂਚੀ	ਪੰਨਾ
ਇਤਿਹਾਸ	
1. ਗੁਰੂ ਗੋਬਿੰਦ ਸਿੰਘ ਸਾਹਿਬ ਜੀ	3
2. ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ	7
3. ਮਾਤਾ ਗੁਜਰ ਕੌਰ ਜੀ	9
4. ਛੋਟੇ ਸਾਹਿਬਜ਼ਾਦੇ	13
5. ਭਾਈ ਡੱਲ ਸਿੰਘ ਜੀ	17
6. ਮਹਾਰਾਜਾ ਰਣਜੀਤ ਸਿੰਘ ਜੀ	19
7. ਅਕਾਲੀ ਫੂਲਾ ਸਿੰਘ ਜੀ	22
8. ਸ. ਹਰੀ ਸਿੰਘ ਜੀ ਨਲੂਆ	26
ਫਿਲਾਸਫੀ	
9. ਖੰਡੇ ਦੀ ਪਾਹੁਲ	30
ਸ਼ਬਦ ਵੀਚਾਰ	
10. ਵਰਤ ਨ ਰਹਉ ਨ ਮਹ ਰਮਦਾਨਾ॥	36
11. ਤੀਰਥਿ ਜਾਉ ਤ ਹਉ ਹਉ ਕਰਤੇ...	37
12. ਗੁਰ ਬਿਨੁ ਘੋਰੁ ਅੰਧਾਰੁ...	38
13. ਕਾਹੇ ਮਨ ਤੂ ਡੋਲਤਾ...	40
14. ਕੋਊ ਹਰਿ ਸਮਾਨਿ ਨਹੀ ਰਾਜਾ	41
ਜੀਵਨ ਵਿਕਾਸ	
15. ਮਨੁੱਖੀ ਸ਼ਖਸੀਅਤ ਦੀ ਸੰਪੂਰਨਤਾ	42
ਪ੍ਰਸ਼ਨ ਪੱਤਰ	48

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਮੂਲ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

(ਇਸ ਪੁਸਤਕ ਵਿਚ ਦਿੱਤੀਆਂ ਗਈਆਂ ਇਤਿਹਾਸਕ ਮਿਤੀਆਂ ਪੁਰਾਣੀ ਅੰਗ੍ਰੇਜ਼ੀ ਮਿਤੀਆਂ ਤੋਂ ਲਗਭਗ 15 ਦਿਨਾਂ ਦੇ ਫਰਕ ਨਾਲ ਲਈਆਂ ਗਈਆਂ ਹਨ ਕਿਉਂ ਜੋ ਮੌਜੂਦਾ ਨਾਨਕਸ਼ਾਹੀ ਕੈਲੰਡਰ ਵਾਲੀਆਂ ਤੇ ਪੁਰਾਤਨ ਮਿਤੀਆਂ ਦੇ ਮਲਾਨ ਦਾ ਇੰਨੇ ਦਿਨਾਂ ਦਾ ਅੰਤਰ ਹੈ। ਕਿਉਂਕਿ 1752 ਈ. ਵਿਚ ਅੰਗ੍ਰੇਜ਼ਾਂ ਨੇ ਆਪਣੀਆਂ ਮਿਤੀਆਂ ਵਿਚ ਦੋ ਹਫਤੇ ਦਾ ਫਰਕ ਪਾ ਕੇ ਅੰਤਰਰਾਸ਼ਟਰੀ ਕੈਲੰਡਰ ਨੂੰ ਅਪਣਾਇਆ ਸੀ।)

1. ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 5 ਜਨਵਰੀ 1667 ਈ: ਪਟਨੇ ਸਾਹਿਬ ਵਿਖੇ ਹੋਇਆ। ਆਪ ਜੀ ਦੇ ਆਗਮਨ ਸਮੇਂ ਆਪ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਪੂਰਬੀ ਪ੍ਰਚਾਰ ਦੌਰੇ ਤੇ ਗਏ ਸਨ ਅਤੇ ਉਸ ਸਮੇਂ ਢਾਕੇ ਵਿਚ ਸਨ। 1670 ਵਿਚ ਆਸਾਮ ਤੋਂ ਵਾਪਸ ਆ ਕੇ ਗੁਰੂ ਤੇਗ ਬਹਾਦਰ ਪਟਨੇ ਪਹੁੰਚੇ ਤੇ ਆਪਣੇ ਸਪੁੱਤਰ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਜੀ ਨੂੰ ਮਿਲੇ। ਉਸ ਵੇਲੇ ਆਪ ਜੀ ਸਾਢੇ ਤਿੰਨ ਸਾਲ ਦੇ ਹੋ ਚੁੱਕੇ ਸਨ। ਕੁਝ ਸਮਾਂ ਪਟਨੇ ਠਹਿਰ ਕੇ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਆ ਗਏ।

ਪਟਨੇ ਵਿਚ ਬਾਲ ਗੋਬਿੰਦ ਰਾਏ ਜੀ ਜਦੋਂ ਆਪਣੇ ਹਾਣੀਆਂ ਨਾਲ ਖੇਡਣ ਨਿਕਲਦੇ ਤਾਂ ਬੱਚੇ ਆਪ ਨੂੰ ਆਪਣਾ ਸਰਦਾਰ ਮੰਨਦੇ ਸਨ। ਤੀਰ ਕਮਾਨ ਆਦਿ ਮਰਦਾਵੀਆਂ ਖੇਡਾਂ ਖੇਡੀਆਂ ਜਾਂਦੀਆਂ ਸਨ। ਪਟਨੇ ਵਿਚ ਹੀ ਪੰਡਿਤ ਸ਼ਿਵਦੱਤ ਆਪ ਜੀ ਦੇ ਚਰਨਾਂ ਦਾ ਭੌਰਾ ਬਣਿਆ। ਇਥੇ ਹੀ ਰਾਜਾ ਫਤਹਿ ਚੰਦ ਮੈਣੀ ਦੀ ਰਾਣੀ ਜਿਸ ਦੀ ਔਲਾਦ ਨਹੀਂ ਸੀ, ਆਪ ਜੀ ਤੋਂ ਇੰਨੀ ਪ੍ਰਸੰਨ ਹੋਈ ਹੋਈ ਤੇ ਘੁਲਮਿਲ ਗਈ ਕਿ ਉਸ ਨੇ ਆਪ ਪਾਸੋਂ ਪੁੱਤਰ ਵਾਲਾ ਨਿੱਘ ਪ੍ਰਾਪਤ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਪਰਿਵਾਰ ਨੂੰ ਪਟਨੇ ਤੋਂ ਬੁਲਾ ਭੇਜਿਆ। ਬਚਪਨ ਆਪਨੇ ਪਟਨੇ ਵਿਚ ਗੁਜ਼ਾਰਿਆ ਤਾਂ ਵਿਛੋੜੇ ਕਾਰਨ ਪਟਨਾ ਨਿਵਾਸੀਆਂ ਦੀ ਦਸ਼ਾ ਬੜੀ ਵੈਰਾਗਮਈ ਸੀ। ਪਟਨੇ ਨੂੰ ਛੱਡ ਕੇ ਆਪ ਅਨੰਦਪੁਰ ਸਾਹਿਬ ਪੁੱਜੇ। ਇਥੋਂ ਆਪ ਜੀ ਨੂੰ ਫਾਰਸੀ, ਹਿੰਦੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਆਦਿ ਦੀ ਵਿਦਿਆ ਦਿੱਤੀ ਗਈ। ਘੋੜੇ ਦੀ ਸਵਾਰੀ ਤੇ ਸ਼ਸਤਰ ਵਿਦਿਆ ਦਾ ਖਾਸ ਕਰਕੇ ਅਭਿਆਸ ਕਰਵਾਇਆ ਗਿਆ। ਆਉਣ ਵਾਲੇ ਸਮੇਂ ਵਿਚ ਪੈਣ ਵਾਲੀਆਂ ਜ਼ਿੰਮੇਵਾਰੀਆਂ ਲਈ ਆਪ ਨੂੰ ਹਰ ਤਰ੍ਹਾਂ ਨਾਲ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੇ ਨਿਪੁੰਨ ਕਰ ਦਿੱਤਾ। ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਜਾਣ ਤੋਂ ਪਹਿਲਾਂ ਗੁਰਗੱਦੀ ਦੀ ਸੌਂਪਣਾ ਗੁਰੂ ਗੋਬਿੰਦ ਰਾਏ ਜੀ ਨੂੰ ਕਰਕੇ ਗਏ ਸਨ।

ਜਦੋਂ 24 ਨਵੰਬਰ 1675 ਨੂੰ ਪਿਤਾ ਗੁਰੂ ਤੇਗ ਬਹਾਦਰ ਸਾਾਹਿਬ ਜੀ ਦਿੱਲੀ ਵਿਖੇ ਸ਼ਹੀਦ ਹੋ ਗਏ ਤਾਂ ਕੇਵਲ ਆਪ ਦੀ ਗੁਰਗੱਦੀ ਦੀ ਤਾਜਪੋਸ਼ੀ ਦੀ ਰਸਮ ਹੀ ਕੀਤੀ ਗਈ। ਉਸ ਸਮੇਂ ਆਪ ਜੀ ਦੀ ਉਮਰ ਕੇਵਲ 9 ਸਾਲ ਦੀ ਸੀ। ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਾਰਨ ਸੰਗਤਾਂ ਵਿਚ ਆਏ ਜੋਸ਼ ਨੂੰ ਆਪ ਜੀ ਨੇ ਲਾਮਬੰਦ ਕਰਨਾ ਆਰੰਭ ਕਰ ਦਿੱਤਾ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਇਹ ਜ਼ਰੂਰੀ ਹੋ ਗਿਆ ਸੀ ਕਿ ਹੁਣ ਸਿੱਖਾਂ ਅੰਦਰ ਸ਼ਸਤਰ ਵਿਦਿਆ ਦੇ ਸ਼ੌਂਕ ਨੂੰ ਤੇਜ਼ ਕੀਤਾ ਜਾਵੇ ਅਤੇ ਫੌਜਾਂ ਦੀ ਤਿਆਰੀ ਕਰਵਾਈ ਜਾਵੇ। ਸੰਨ 1682 ਵਿਚ ਇਕ ਵੱਡਾ ਧੌਂਸਾ, ਰਣਜੀਤ ਨਗਾਰਾ

ਤਿਆਰ ਕਰਵਾਇਆ, ਜਦੋਂ ਨਗਾਰੇ ਤੇ ਚੋਟ ਪੈਂਦੀ, ਤਾਂ ਸਿੱਖਾਂ ਅੰਦਰ ਬੀਰ ਰਸ ਦਾ ਹੁਲਾਰਾ ਆ ਜਾਂਦਾ। ਸ਼ਸਤਰ ਵਿਦਿਆ ਦੇ ਨਾਲ-ਨਾਲ ਸਿੱਖਾਂ ਅੰਦਰ ਰਾਗ ਵਿਦਿਆ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਗੁਰੂ ਜੀ ਨੂੰ ਆਪ ਰਾਗ ਦਾ ਬਹੁਤ ਸ਼ੌਕ ਸੀ। ਆਪ ਤਾਊਸ ਬੜਾ ਕਮਾਲ ਦਾ ਵਜਾਉਂਦੇ ਸਨ। ਲੰਗਰ ਪ੍ਰਥਾ ਨਾਲ ਤਾਂ ਉਚ-ਨੀਚ ਦੇ ਵਿਤਕਰੇ ਮੂਲੋਂ ਹੀ ਮੁੱਕ ਰਹੇ ਸਨ।

ਸੰਨ 1685 ਤੋਂ 1688 ਤੱਕ ਆਪ ਰਿਆਸਤ ਨਾਹਨ ਵਿਚ ਰਹੇ। ਸੰਨ 1685 ਜਮਨਾ ਦੇ ਕੰਢੇ ਸ੍ਰੀ ਪਾਉਂਟਾ ਸਾਹਿਬ ਕਿਲ੍ਹੇ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਇਆਂ। ਇਥੋਂ ਹੀ ਸਢੌਰੇ ਦੇ ਪੀਰ ਬੁੱਧੂ ਸ਼ਾਹ ਆਪ ਜੀ ਦਾ ਸੇਵਕ ਬਣਿਆ। ਪੀਰ ਜੀ ਨੇ 500 ਪਠਾਣ ਗੁਰੂ ਜੀ ਦੀ ਫੌਜ ਵਾਸਤੇ ਅਰਪਣ ਕੀਤੇ। ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਅਤੇ ਸਿਰੀ ਨਗਰ ਦੇ ਰਾਜੇ ਫਤਹਿ ਸ਼ਾਹ ਦੀ ਸੁਲਾਹ ਕਰਾਈ। ਪਾਉਂਟਾ ਸਾਹਿਬ ਵਿਖੇ ਸੰਗਤਾਂ ਵਿਚ ਬੀਰ ਰਸ ਪੈਦਾ ਕਰਨ ਲਈ ਢਾਡੀ ਤੇ ਕਵੀ ਦਰਬਾਰ ਕੀਤੇ ਜਾਣ ਲੱਗੇ।

ਕਹਿਲੂਰ ਦੇ ਰਾਜੇ ਭੀਮ ਚੰਦ ਨੂੰ ਗੁਰੂ ਸਾਹਿਬ ਦੀ ਚੜ੍ਹਤ ਚੁਭ ਰਹੀ ਸੀ। ਉਹ ਗੁਰੂ ਸਾਹਿਬ ਕੋਲ ਰਖਾਏ 500 ਪਠਾਣਾਂ ਵਿਚੋਂ 400 ਪਠਾਣਾਂ ਨੂੰ ਖਰੀਦਣ ਵਿਚ ਸਫਲ ਹੋ ਗਿਆ। ਉਸ ਨੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ 2 ਅਕਤੂਬਰ ਸੰਨ 1688 ਨੂੰ ਸਤਿਗੁਰੂ ਜੀ ਉਤੇ ਹਮਲਾ ਕਰ ਦਿੱਤਾ। ਪਾਉਂਟੇ ਦੇ ਲਾਗੇ ਭੰਗਾਣੀ ਵਿਖੇ ਲਹੂ ਡੋਲ੍ਹਵੀਂ ਜੰਗ ਹੋਈ। ਇਸ ਜੰਗ ਵਿਚ ਗੁਰੂ ਜੀ ਦੀ ਭੂਆ ਵੀਰੋ ਜੀ ਦੇ ਪੰਜੇ ਪੁੱਤਰਾਂ ਅਤੇ ਮਾਮਾ ਕ੍ਰਿਪਾਲ ਚੰਦ ਜੀ ਨੇ ਵੀ ਹਿੱਸਾ ਲਿਆ। ਪੀਰ ਬੁੱਧੂ ਸ਼ਾਹ ਜੀ ਚਾਰ ਪੁੱਤਰ, ਦੋ ਭਰਾ ਤੇ 700 ਮੁਰੀਦ ਲੈ ਕੇ ਸ਼ਾਮਲ ਹੋਏ। ਗੁਰੂ ਕੇ ਸਿੱਖ ਮਹੰਤ ਕ੍ਰਿਪਾਲ ਚੰਦ ਉਦਾਸੀ ਨੇ ਮੋਟੇ ਸੋਟੇ ਨਾਲ ਹਯਾਤ ਖਾਂ ਦਾ ਸਿਰ ਫੇਹਿਆ। ਪਹਾੜੀ ਰਾਜਿਆਂ ਨੂੰ ਹਾਰ ਹੋਈ। ਬੀਬੀ ਵੀਰੋ ਜੀ ਦੇ ਪੁੱਤਰ ਸੰਗੋ ਸ਼ਾਹ ਅਤੇ ਜੀਤ ਮੱਲ ਸ਼ਹੀਦ ਹੋਏ। ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ ਇਕ ਭਰਾ ਸ਼ਹੀਦ ਹੋਇਆ। ਸਤਿਗੁਰੂ ਜੀ ਨੇ ਅਗਲੇ ਦਿਨ ਪੀਰ ਬੁੱਧੂ ਸ਼ਾਹ ਨੂੰ ਇਕ ਕਟਾਰ, ਇਕ ਸੁੰਦਰ ਪੁਸ਼ਾਕ, ਇਕ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਬਖਸ਼ਿਆ। ਪੀਰ ਬੁੱਧੂ ਸ਼ਾਹ ਨੇ ਗੁਰੂ ਦਾ ਕੰਘਾ, ਜੋ ਆਪ ਵਰਤ ਚੁੱਕੇ ਸਨ, ਆਪ ਮੰਗ ਕੇ ਲਿਆ। ਅੱਧੀ ਦਸਤਾਰ ਪੀਰ ਬੁੱਧੂ ਸ਼ਾਹ ਨੂੰ ਅਤੇ ਅੱਧੀ ਦਸਤਾਰ ਮਹੰਤ ਕ੍ਰਿਪਾਲ ਦਾਸ ਨੂੰ ਬਖਸ਼ਿਸ਼ ਕੀਤੀ। ਕੁਝ ਸਮੇਂ ਪਿੱਛੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਵਾਪਸ ਅਨੰਦਪੁਰ ਸਾਹਿਬ ਆ ਗਏ ਅਤੇ ਦਸੰਬਰ 1705 ਤੱਕ ਇਥੇ ਹੀ ਰਹੇ।

ਹਕੂਮਤ ਨੇ ਟੈਕਸ ਵਸੂਲਣ ਲਈ ਜਦ ਪਹਾੜੀ ਰਾਜਿਆਂ ਉੱਪਰ ਚੜ੍ਹਾਈ ਕੀਤੀ ਤਾਂ ਇਹ ਪਹਾੜੀ ਰਾਜੇ ਗੁਰੂ ਸਾਹਿਬ ਦੀ ਸ਼ਰਣ ਆਏ ਤੇ ਮਦਦ ਲਈ ਬੇਨਤੀ ਕੀਤੀ। ਗੁਰੂ ਸਾਹਿਬ ਜਾਣਦੇ ਸਨ ਇਹਨਾਂ ਪਹਾੜੀ ਰਾਜਿਆਂ ਨੇ ਕਿਹੜਾ ਕੁਝ ਪੱਲਿਓਂ ਦੇਣਾ ਹੈ, ਗਰੀਬ ਜਨਤਾ ਕੋਲੋਂ ਟੈਕਸ ਵਸੂਲਣਾ ਹੈ ਜੋ ਉਨੀਂ ਦਿਨੀਂ ਦੱਖਣ ਵਿਚ ਔਰੰਗਜ਼ੇਬ ਦੀ ਹੋ ਰਹੀ ਜੰਗ ਤੇ ਲਗਣਾ ਹੈ। ਸੋ ਗੁਰੂ ਜੀ ਉਨ੍ਹਾਂ ਦੀ ਮਦਦ ਲਈ ਤਿਆਰ ਹੋ ਗਏ। 4 ਅਪ੍ਰੈਲ 1690 ਨੂੰ ਨਦੌਣ ਵਿਖੇ ਹਕੂਮਤ ਵਲੋਂ ਭੇਜੇ ਜਰਨੈਲ ਦਿਲਾਵਰ ਖਾਨ ਤੇ ਅਲਫ ਖਾਨ ਨਾਲ

ਨਦੌਣ ਵਿਖੇ ਜੰਗ ਹੋਈ। ਜਿਸ ਵਿਚ ਜਿੱਤ ਪ੍ਰਾਪਤ ਹੋਈ ਪਰ ਪਹਾੜੀਏ ਅਮਦਰੋਂ ਡਰ ਗਏ ਤੇ ਜਿੱਤ ਦਾ ਕਾਰਨ ਗੁਰੂ ਸਾਹਿਬ ਨੂੰ ਦੱਸ ਕੇ ਅੰਦਰੋਂ ਹਕੂਮਤ ਦੇ ਭੈਜੇ ਜਰਨੈਲਾਂ ਨਾਲ ਮਿਲ ਗਏ। ਇਸ ਉਪਰੰਤ ਹਕੂਮਤ ਤੇ ਪਹਾੜੀ ਰਾਜੇ ਗੁਰੂ ਘਰ ਦੇ ਵਿਰੋਧ ਵਿਚ ਆ ਗਏ ਅਤੇ 12 ਵਾਰੀ ਗੁਰੂ ਘਰ ਤੇ ਹਮਲਾਵਰ ਹੋਏ ਪਰ ਹਰ ਜੰਗ ਵਿਚ ਗੁਰੂ ਸਾਹਿਬ ਨੂੰ ਫਤਹਿ ਹੋਈ।

ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਤੇ ਅੰਮ੍ਰਿਤ ਛਕਾ ਕੇ ਗੁਰੂ ਪੰਥ ਦੀ ਪ੍ਰਧਾਨਤਾ ਸਥਾਪਤ ਕੀਤੀ।

ਸੰਨ 1700 ਤੋਂ 1705 ਤੱਕ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੀ ਸਹਾਇਤਾ ਤੇ ਆਈ ਹਕੂਮਤ ਨਾਲ ਅਨੰਦਪੁਰ ਸਾਹਿਬ ਵਿਖੇ ਚਾਰ ਲੜਾਈਆਂ ਹੋਈਆਂ ਅਤੇ ਹਰ ਵਾਰੀ ਉਨ੍ਹਾਂ ਨੂੰ ਹਾਰ ਹੋਈ। ਹਰ ਵਾਰੀ ਮੂੰਹ ਦੀ ਖਾਣ ਉਪਰੰਤ ਪੰਜਵੀਂ ਵਾਰ ਮਈ 1705 ਅਨੰਦਪੁਰ ਸਾਹਿਬ ਦੀ ਆਖਰੀ ਜੰਗ ਹੋਈ।

ਪਹਾੜੀ ਰਾਜਿਆਂ ਦੀ ਸਹਾਇਤਾ ਲਈ ਔਰੰਗਜ਼ੇਬ ਨੇ ਦਿੱਲੀ, ਸਰਹੰਦ, ਲਾਹੌਰ, ਮੁਲਤਾਨ ਤੇ ਕਸ਼ਮੀਰ ਦੇ ਸੂਬੇਦਾਰਾਂ ਦੀ ਫੌਜ ਭੇਜੀ। ਬਹੁਤ ਸਮਾਂ ਜੰਗ ਹੁੰਦਾ ਰਿਹਾ। ਪਹਾੜੀ ਰਾਜਿਆਂ ਅਤੇ ਦਿੱਲੀ ਦੀਆਂ ਲੱਖਾਂ ਫੌਜਾਂ ਨੇ ਮਿਲ ਕੇ 7 ਮਹੀਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ। ਆਖਿਰ ਥੱਕ ਕੇ ਪਹਾੜੀ ਰਾਜਿਆਂ ਅਤੇ ਮੁਸਲਮਾਨਾਂ ਨੇ ਗਊ ਅਤੇ ਕੁਰਾਨ ਦੀਆਂ ਸਹੁੰਆਂ ਗੁਰੂ ਸਾਹਿਬ ਨੂੰ ਲਿਖ ਕੇ ਭੇਜੀਆਂ ਕਿ ਤੁਸੀਂ ਅਨੰਦਪੁਰ ਸਾਹਿਬ ਖਾਲੀ ਕਰ ਦਿਓ, ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ। ਕਿਲ੍ਹੇ ਅੰਦਰ ਰਸਦ ਪਾਣੀ ਖਤਮ ਹੋ ਚੁੱਕਾ ਸੀ। 19-20 ਦਸੰਬਰ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਬਾਕੀ ਬਚੇ ਸਿੱਖਾਂ ਸਮੇਤ ਅਨੰਦਪੁਰ ਕਿਲ੍ਹਾ ਛੱਡਿਆ।

ਸਿੰਘ ਅਜੇ ਕੀਰਤਪੁਰ ਹੀ ਲੰਘੇ ਸਨ ਸਨ ਕਿ ਵੈਰੀ ਦਲ ਸਿੰਘਾਂ ਉੱਤੇ ਟੁੱਟ ਪਿਆ। ਬ੍ਰਾਹਮਣਾਂ ਅਤੇ ਕਾਜ਼ੀਆਂ ਵਲੋਂ ਗਊ ਅਤੇ ਕੁਰਾਨ ਦੀਆਂ ਸਹੁੰਆਂ ਖਾਣ ਦੇ ਭਰੋਸੇ ਦੇਣ ਦਾ ਝੂਠ ਦਾ ਭਾਂਡਾ ਸੰਸਾਰ ਅੱਗੇ ਫੁੱਟ ਪਿਆ। ਅਗੋਂ ਸਰਸਾ ਨਦੀ ਪਾਣੀ ਨਾਲ ਠਾਠਾਂ ਮਾਰ ਰਹੀ ਸੀ। ਸਰਸਾ ਨਦੀ ਤੇ ਭਿਆਨਕ ਜੰਗ ਹੋਇਆ। ਮਾਤਾ ਗੁਜਰ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਗੁਰੂ ਜੀ ਨਾਲੋਂ ਵਿਛੜ ਗਏ। ਗੁਰੂ ਜੀ ਚਮਕੌਰ ਸਾਹਿਬ ਪੁਜੇ। ਜਿਥੇ 21 ਤੋਂ 22 ਦਸੰਬਰ ਸੰਨ 1705 ਨੂੰ ਚਮਕੌਰ ਦਾ ਯੁੱਧ ਹੋਇਆ। ਦਿੱਲੀ ਤੋਂ ਹਕੂਮਤ ਦੀ ਤਾਜ਼ਾ ਦਮ ਫੌਜ ਵੀ ਪੁੱਜ ਗਈ। 40 ਸਿੰਘਾਂ ਨੇ 10 ਲੱਖ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਸ਼ਹੀਦ ਹੋ ਗਏ। ਸਿੰਘਾਂ ਦੇ ਫੈਸਲੇ ਅਨੁਸਾਰ ਗੁਰੂ ਜੀ ਚਮਕੌਰ ਦੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ। ਗਨੀ ਖਾਂ, ਨਬੀ ਖਾਂ ਪਾਸ ਰੁਕੇ ਆਪ ਜੀ ਨੇ ਔਰੰਗਜ਼ੇਬ ਨੂੰ ਵੰਗਾਰ ਭਰੀ ਚਿੱਠੀ 'ਫਤਹਿ ਨਾਮਾ' ਲਿਖੀ। ਇਥੋਂ ਆਪ ਰਾਏਕੋਟ ਤੱਕ ਉੱਚ ਦੇ ਪੀਰ ਬਣ ਕੇ ਗਏ। ਆਪ ਜੀ ਨੂੰ

ਖਬਰ ਮਿਲੀ ਕਿ 26 ਦਸੰਬਰ 1705 ਨੂੰ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਨੀਹਾਂ ਵਿਚ ਸ਼ਹੀਦ ਕਰ ਦਿੱਤੇ ਗਏ ਹਨ ਅਤੇ ਗੁਜਰ ਕੌਰ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਇਥੋਂ ਆਪ ਦੀਨੇ ਗਏ। ਪਿੰਡ ਦੀਨੇ ਪੁੱਜ ਕੇ ਫਾਰਸੀ ਵਿਚ ਦੂਜੀ ਚਿੱਠੀ ਲਿਖੀ, ਜਿਸ ਨੂੰ ਜ਼ਫਰਨਾਮਾ ਕਿਹਾ ਜਾਂਦਾ ਹੈ, ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੀ ਇਸ ਚਿੱਠੀ ਨੂੰ ਲੈ ਕੇ ਔਰੰਗਜ਼ੇਬ ਵੱਲ ਚੱਲ ਪਏ। ਦੀਨੇ ਤੋਂ ਆਪ ਜੀ ਮੁਕਤਸਰ ਆਏ ਅਤੇ ਆਖਰੀ ਜੰਗ ਸਰਹੰਦ ਦੇ ਸੂਬੇਦਾਰ ਨਾਲ ਹੋਈ ਜਿਸ ਵਿਚ ਵੈਰੀ ਮਾਰ ਖਾ ਕੇ ਭੱਜ ਗਏ।

ਮੁਕਤਸਰ ਤੋਂ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਗੁਰੂ ਜੀ ਇਥੇ 9 ਮਹੀਨੇ ਦੇ ਕਰੀਬ ਰਹੇ। ਇਥੇ ਲਗਭਗ 1,20,000 ਅੰਮ੍ਰਿਤ ਛਕ ਕੇ ਨਵੇਂ ਸਿੰਘ ਸਜੇ। ਇਥੇ ਹੀ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੂੰ ਵਿਦਵਾਨਾਂ ਦੀਆਂ ਟਕਸਾਲਾਂ ਬਣਾਉਣ ਦੀ ਆਗਿਆ ਕੀਤੀ। ਗੁਰੂ ਗ੍ਰੰਥ ਸਾਹਿਬ ਦੇ ਹੋਰ ਉਤਾਰੇ ਕਰਵਾਏ।

ਔਰੰਗਜ਼ੇਬ ਦੇ ਸੱਦੇ ਤੇ ਅਕਤੂਬਰ, 1706 ਈ: ਵਿਚ ਆਪ ਦੱਖਣ ਵੱਲ ਚੱਲ ਪਏ। ਫਰਵਈ ਸੰਨ 1706 ਨੂੰ ਔਰੰਗਜ਼ੇਬ ਮਰ ਗਿਆ। ਇਹ ਖਬਰ ਸੁਣ ਕੇ ਗੁਰੂ ਸਾਹਿਬ ਜੀ ਦਿੱਲੀ ਆ ਗਏ। ਬਹਾਦਰ ਸ਼ਾਹ ਨੇ ਤਖਤ ਤੇ ਬੈਠਣ ਵਾਸਤੇ ਗੁਰੂ ਜੀ ਪਾਸੋਂ ਮਦਦ ਮੰਗੀ। ਗੁਰੂ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਜਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ। ਤਖਤ ਬਹਾਦਰ ਸ਼ਾਹ ਦੇ ਹੱਥ ਲੱਗਾ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਕੀਮਤੀ ਭੇਟਾਵਾਂ ਪੇਸ਼ ਕੀਤੀਆਂ। ਗੁਰੂ ਜੀ ਉਸ ਸਮੇਂ ਆਗਰੇ ਵਿਚ ਸਨ। ਫੇਰ ਆਪ ਵਾਪਸ ਦਿੱਲੀ ਆ ਗਏ।

ਗੁਰੂ ਜੀ ਅਪ੍ਰੈਲ 1708 ਨੂੰ ਬਹਾਦਰ ਸ਼ਾਹ ਦੀ ਬੇਨਤੀ ਤੇ ਦੱਖਣ ਵੱਲ ਚੱਲੇ ਅਤੇ ਜੁਲਾਈ 1708 ਤੱਕ ਬਹਾਦਰ ਸ਼ਾਹ ਨਾਲ ਰਹੇ। ਜੁਲਾਈ ਦੇ ਅੱਧ 1708 ਵਿਚ ਨੰਦੇੜ ਅਪੜੇ। ਨੰਦੇੜ ਵਿਖੇ ਵੈਰਾਗੀ ਲਛਮਣ ਦਾਸ ਨੂੰ ਮਿਲੇ। ਉਸ ਨੂੰ ਸਿੰਘ ਸਜਾਇਆ ਤੇ ਬਾਬਾ ਬੰਦਾ ਸਿੰਘ ਬਣਾ ਕੇ ਪੰਜਾਬ ਵੱਲ ਭੇਜਿਆ।

1708 ਨੂੰ ਵਜ਼ੀਰ ਖਾਂ ਸੂਬਾ ਸਰਹੰਦ ਦੇ ਭੇਜੇ ਹੋਏ ਦੋ ਪਠਾਣਾਂ ਨੇ ਧੋਖੇ ਨਾਲ ਰਾਤੀਂ ਗੁਰੂ ਜੀ ਉਤੇ ਛੁਰੇ ਨਾਲ ਵਾਰ ਕਰ ਦਿੱਤਾ। ਸਤਿਗੁਰੂ ਜੀ ਨੇ ਇਕ ਪਠਾਣ ਨੂੰ ਤਾਂ ਉਸੇ ਸਮੇਂ ਤਲਵਾਰ ਦੇ ਨਾਲ ਖਤਮ ਕਰ ਦਿੱਤਾ ਤੇ ਦੂਜਾ ਪਠਾਣ ਸਿੰਘਾਂ ਦੇ ਪੁੱਜਣ ਕਰਕੇ ਸਿੰਘਾਂ ਹੱਥੋਂ ਮਾਰਿਆ ਗਿਆ। ਜਰਾਹ (ਵੈਦ) ਨੂੰ ਸੱਦ ਕੇ ਲਿਆਂਦਾ ਗਿਆ, ਜਿਸ ਨੇ ਜ਼ਖਮ ਧੋ ਕੇ ਸਾਫ ਕਰਕੇ ਸੀਓਂ ਦਿੱਤੇ ਅਤੇ ਮਲ੍ਹਮ ਪੱਟੀ ਕਰ ਦਿੱਤੀ। । ਜ਼ਖਮ ਰਾਜ਼ੀ ਹੋਣਾ ਆਰੰਭ ਹੋ ਗਿਆ।

20 ਅਕਤੂਬਰ 1708 ਨੂੰ ਆਪਣਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਭਾਰੀ ਦੀਵਾਨ ਸਜਾਇਆ। ਭਰੀ ਸੰਗਤ ਦੇ ਸਾਹਮਣੇ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਸ਼ਖਸ਼ੀ ਗੁਰਿਆਈ ਦਾ ਸਿਲਸਿਲਾ ਖਤਮ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਖਾਲਸਾ ਪੰਥ ਨੂੰ ਗੁਰੂ ਮੰਨਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਸਿੰਘਾਂ ਨੂੰ

ਮੱਥਾ ਟੇਕ ਕੇ, ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ ਕਹਿ ਕੇ ਸਦਾ ਵਾਸਤੇ ਗੁਰਿਆਈ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਨੂੰ ਬਖਸ਼ ਦਿੱਤੀ ਤੇ ਆਪ 21 ਅਕਤੂਬਰ 1708 ਨੂੰ ਜੋਤੀ ਜੋਤ ਸਮਾ ਗਏ।

ਆਪ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਜਾ ਕੇ ਜ਼ਾਲਮਾਂ ਕੋਲੋਂ ਗਿਣ-ਗਿਣ ਕੇ ਹਿਸਾਬ ਚੁਕਾਏ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਸੂਬਾ ਵਜ਼ੀਰ ਖਾਂ ਚੱਪੜਚਿੜੀ ਦੀ ਜੰਗ ਵਿਚ ਮਾਰਿਆ ਗਿਆ।

-0-

2. ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ

ਗੁਰੂ ਨਾਨਕ ਸਾਹਿਬ ਜੀ ਨੇ ਜਿਸ ਆਦਰਸ਼ ਮਨੁੱਖ ਦਾ ਸੰਕਲਪ ਸੰਸਾਰ ਸਾਹਮਣੇ ਰੱਖਿਆ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਉਸ ਸੰਕਲਪ (ਤਸੱਵਰ) ਦੀ ਸਾਕਾਰ ਮੂਰਤ ਸਨ। ਇਕ ਐਸਾ ਮਨੁੱਖ ਜੋ ਸਰਬ ਗੁਣ ਸੰਪਨ ਹੋਵੇ। ਗੁਰੂ ਸਾਹਿਬ, ਰਾਜਾ ਤੇ ਯੋਗੀ, ਸੰਤ ਤੇ ਸਿਪਾਹੀ, ਮੀਰ ਤੇ ਪੀਰ, ਗ੍ਰਹਿਸਥੀ ਤੇ ਤਿਆਗੀ ਵਰਗੇ ਸਰਬਪੱਖੀ ਸ਼ਖਸੀਅਤਾਂ ਦੇ ਗੁਣਾਂ ਦਾ ਮੁਜੱਸਮਾ ਸਨ।

42 ਸਾਲਾਂ ਦੀ ਛੋਟੀ ਉਮਰ ਵਿਚ ਉਨ੍ਹਾਂ ਦੀ ਸ਼ਖਸੀਅਤ ਵਿਚੋਂ ਜੋ ਮਹਾਨ ਗੁਣ ਝਲਕਦੇ ਹਨ ਉਹ ਸੰਸਾਰ ਦੀ ਕਿਸੇ ਵੀ ਸ਼ਖਸੀਅਤ ਵਿਚ ਲੱਭਣੇ ਅਸੰਭਵ ਹਨ। ਗੁਰੂ ਸਾਹਿਬ ਅਨੇਕਾਂ ਬੋਲੀਆਂ ਦੇ ਮਾਹਿਰ ਸਨ।

ਉਹ ਕਵੀਆਂ ਦੇ ਕਦਰਦਾਨ ਵੀ ਸਨ, ਜਿਨ੍ਹਾਂ ਨੂੰ ਉਹ ਸਮੇਂ ਸਮੇਂ ਸਤਿਕਾਰਦੇ ਰਹੇ ਤੇ ਉਨ੍ਹਾਂ ਨੂੰ ਆਪਣੇ ਦਰਬਾਰ ਵਿਚ ਥਾਂ ਦਿੱਤੀ। ਮਧੁਰ ਕੀਰਤਨ ਕਰਨਾ ਉਨ੍ਹਾਂ ਦਾ ਖਾਸ ਗੁਣ ਸੀ। ਗੁਰੂ ਸਾਹਿਬ ਬਾਰੇ ਮਸ਼ਹੂਰ ਹੈ ਕਿ ਤਾਊਸ ਬੜਾ ਕਮਾਲ ਦਾ ਵਜਾਉਂਦੇ ਸਨ।

ਕਲਮ ਫੜਾ ਕੇ ਸਾਹਿਤ ਰਚਨਾ ਕਰਨ ਤੇ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਹੱਥ ਜਦੋਂ ਮੈਦਾਨੇ ਜੰਗ ਅੰਦਰ ਸ਼ਸਤਰ ਫੜ ਕੇ ਲੜਦੇ ਸਨ ਤਾਂ ਵੈਰੀ ਨੂੰ ਭਾਜੜਾਂ ਪੈ ਜਾਂਦੀਆਂ ਸਨ। ਤਲਵਾਰ ਦੇ ਧਨੀ ਹੋਣ ਤੋਂ ਇਲਾਵਾ ਉਹ ਧੁਰੰਧਰ ਤੀਰ ਅੰਦਾਜ਼ ਸਨ।

ਚਮਕੌਰ ਦੀ ਗੜ੍ਹੀ ਉਤੋਂ ਤੀਰਾਂ ਨਾਲ ਵੈਰੀਆਂ ਨੂੰ ਪਾਰ ਬੁਲਾਉਣਾ ਤੇ ਸਾਰਾ ਦਿਨ ਗੜ੍ਹੀ ਦੇ ਨੇੜੇ ਨਾ ਲਗਣ ਦੇਣਾ, ਤੇ ਇੰਜ ਹੀ ਮੁਕਤਸਰ ਵਿਖੇ, ਮੈਦਾਨ ਅੰਦਰ ਜੂਝ ਰਹੇ ਗੁਰਸਿੱਖਾਂ ਦੀ ਟਿੱਬੀ ਤੋਂ ਤੀਰਾਂ ਨਾਲ ਲੜਾਈ 'ਚ ਮਦਦ ਕਰਨੀ, ਉਨ੍ਹਾਂ ਦੇ ਨਿਪੁੰਨ ਤੀਰ ਅੰਦਾਜ਼ ਹੋਣ ਦੀ ਝਲਕ ਦੇਂਦਾ ਹੈ। ਵਿਲੱਖਣ ਨਾਗਣੀ ਬਰਛੇ ਨੂੰ ਵੇਖ ਕੇ (ਜੋ ਅੱਜ ਵੀ ਅਨੰਦਪੁਰ ਵਿਖੇ ਪਿਆ ਹੈ) ਉਨ੍ਹਾਂ ਦੇ ਉਚ ਕੋਟੀ ਦੇ ਨੇਜ਼ਾ ਬਾਜ਼ ਹੋਣ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਜਿਥੇ ਉਹ, ਉਸ ਸਮੇਂ ਦੇ ਵਰਤੇ ਜਾਂਦੇ ਹਥਿਆਰਾਂ ਦੇ ਚਲਾਉਣ ਵੀ ਪ੍ਰਬੀਨ ਸਨ, ਉਥੇ ਉਹ ਘੋੜ ਸਵਾਰੀ ਦੇ ਏਨੇ ਮਾਹਿਰ ਸਨ ਕਿ ਉਨ੍ਹਾਂ ਨੂੰ ਨੀਲੇ ਦਾ ਸ਼ਾਹ ਸੁਆਰ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਮੈਦਾਨੇ ਜੰਗ ਅੰਦਰ ਉਨ੍ਹਾਂ ਦੀ ਯੁੱਧ ਕਲਾ ਨੂੰ ਦੇਖ ਕੇ ਜਿਥੇ ਉਹ ਨਿਪੁੰਨ ਯੋਧੇ ਦੇ ਰੂਪ ਵਿਚ ਨਜ਼ਰ ਆਉਂਦੇ ਉਥੇ ਹੀ ਉਨ੍ਹਾਂ ਦੁਆਰਾ ਉਸਾਰੇ ਗਏ ਕਿਲ੍ਹੇ ਤੇ ਥੋੜ੍ਹੀ ਗਿਣਤੀ ਦੇ

ਕਿਤਰੀ ਸਿੱਖ ਧਰਮੀਆਂ ਨਾਲ ਬਿਖੜੇ ਹਾਲਾਤਾਂ ਅੰਦਰ ਲੜੀਆਂ ਗਈਆਂ ਲੜਾਈਆਂ ਉਨ੍ਹਾਂ ਨੂੰ ਉਚ ਕੋਟੀ ਦੇ ਜੰਗੀ ਜਰਨੈਲ ਦੇ ਰੂਪ ਵਿਚ ਸਾਹਮਣੇ ਲਿਆਉਂਦੇ ਹਨ।

ਭੰਗਾਣੀ ਦੇ ਯੁੱਧ ਸਮੇਂ ਜਦੋਂ ਗੁਰੂ ਸਾਹਿਬ ਛੋਟੀ ਉਮਰ ਦੇ ਸਨ, 500 ਵਿਚੋਂ 400 ਪਠਾਣ ਬੇਵਫਾਈ ਕਰਕੇ ਦੁਸ਼ਮਣ ਨਾਲ ਰਲ ਜਾਣ, ਉਦਾਸੀ ਡਰਕੇ ਦੌੜ ਜਾਣ, ਜਿਹੇ ਵਿਰੋਧੀ ਹਾਲਾਤ ਦੇ ਬਾਵਜੂਦ ਫਤਹਿ ਪਾਉਣੀ, ਉਨ੍ਹਾਂ ਦੀ ਮਹਾਨ ਜਰਨੈਲ ਦੀ ਸ਼ਖਸੀਅਤ ਨੂੰ ਚਾਰ ਚੰਨ ਲਾਉਂਦੀ ਹੈ।

ਅਨੰਦਪੁਰ ਦੀ ਆਖਰੀ ਲੜਾਈ ਸਮੇਂ ਜਦੋਂ 7 ਮਹੀਨੇ ਘੇਰਾ ਪਿਆ ਰਿਹਾ, ਰਸਦ ਪਾਣੀ ਖਤਮ ਹੋ ਗਿਆ, ਲੜਾਈ, ਭੁੱਖ ਤੇ ਬਿਮਾਰੀਆਂ ਨਾਲ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ ਤੇ ਵੈਰੀਆਂ ਦੀ ਬਹੁਤ ਵੱਡੀ ਗਿਣਤੀ ਤੇ ਅਨੇਕਾਂ ਹੱਲੇ ਝੱਲ ਕੇ ਵੀ ਨਾ ਹਾਰਨ ਦੀ ਘਟਨਾ, ਗੁਰੂ ਸਾਹਿਬ ਨੂੰ ਮਹਾਨ ਜਰਨੈਲਾਂ ਦੀ ਬੁਲੰਦੀ ਤੇ ਪਹੁੰਚਾਉਂਦੀ ਹੈ।

ਚਮਕੌਰ ਦੀ ਜੰਗ, ਜੋ ਦੁਨੀਆਂ ਦੀ ਬੇਮਿਸਾਲ ਜੰਗ ਹੈ, ਉਸ ਵਿਚ ਗੁਰੂ ਸਾਹਿਬ ਨੇ ਦੋ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਨਾਲ ਲੱਖਾਂ ਦੀ ਗਿਣਤੀ ਵਿਚ ਆਈ ਫੌਜ ਨਾਲ ਮੁਕਾਬਲਾ ਕੀਤਾ। ਕੱਚੀ ਗੜ੍ਹੀ ਵਿਚ ਮੋਰਚਾਬੱਧ ਹੋ ਕੇ ਛੋਟੇ-ਛੋਟੇ ਜਥਿਆਂ ਦੇ ਰੂਪ ਵਿਚ ਦੁਸ਼ਮਣ ਫੌਜ ਨਾਲ ਲੜਾਈ ਲੜੀ। ਸਾਰਾ ਦਿਨ ਗੜ੍ਹੀ ਤੇ ਕਬਜ਼ਾ ਨਹੀਂ ਹੋਣ ਦਿੱਤਾ, ਗੁਰੂ ਸਾਹਿਬ ਉਥੋਂ ਸਾਫ ਨਿਕਲ ਗਏ। ਬੱਚੇ ਸ਼ਹੀਦ ਹੋ ਗਏ, ਪਰਿਵਾਰ ਵਿਛੜ ਗਿਆ, ਸਿੱਖਾਂ ਦੀਆਂ ਸ਼ਹੀਦੀਆਂ ਹੋ ਗਈਆਂ। ਸਾਰਾ ਕੁਝ ਲੁਟਾ ਕੇ ਵੀ ਔਰੰਗਜ਼ੇਬ ਨੂੰ ਫਤਹਿ ਦੀ ਚਿੱਠੀ ਲਿਖੀ। ਤਲਵੰਡੀ ਸਾਬੋ ਵਿਖੇ ਫਿਰ ਖਾਲਸੇ ਨੂੰ ਤਿਆਰ ਤੇ ਸੰਗਠਿਤ ਕੀਤਾ। ਇਹ ਸਭ ਕੁਝ ਮਹਾਨ, ਬੇਪਨਾਹ ਹੌਂਸਲੇ ਵਾਲੇ ਜੰਗੀ ਜਰਨੈਲ ਦਾ ਹੀ ਕੰਮ ਹੋ ਸਕਦਾ ਹੈ।

ਗੁਰੂ ਸਾਹਿਬ ਦੀ ਸ਼ਖਸੀਅਤ ਨੂੰ ਘਰਬਾਰੀ ਗ੍ਰਹਿਸਥੀ ਵਿਅਕਤੀ ਦੇ ਤੌਰ ਤੇ ਸੰਸਾਰਕ ਜੀਵਨ ਦੇ ਪੱਖਾਂ ਨੂੰ ਦੇਖੀਏ ਤਾਂ ਸਾਨੂੰ 9 ਸਾਲ ਦੀ ਉਮਰ ਦੇ ਐਸੇ ਸਪੁੱਤਰ ਦੇ ਦਰਸ਼ਨ ਹੁੰਦੇ ਹਨ, ਜੋ ਗੁਰੂ ਪਿਤਾ ਦੀ ਸੋਚ ਮੁਤਾਬਿਕ ਪੂਰੇ ਉਤਰਦੇ ਹਨ, ਨਾਲ ਹੀ ਉਹ ਇਕ ਆਦਰਸ਼ ਪਿਤਾ ਦੇ ਰੂਪ ਵਿਚ ਨਜ਼ਰੀ ਪੈਂਦੇ ਹਨ, ਜਦੋਂ ਉਨ੍ਹਾਂ ਆਪਣੇ ਸਾਹਿਬਜ਼ਾਦਿਆਂ ਨੂੰ ਸਿੱਖ ਜੀਵਨ ਜਾਚ ਵਿਚ ਏਨਾ ਪ੍ਰਪੱਕ ਕੀਤਾ ਹੋਇਆ ਸੀ ਕਿ ਬੱਚੇ ਭਿਆਨਕ ਹਾਲਾਤਾਂ ਵਿਚ ਵੀ ਘਬਰਾਏ ਨਹੀਂ ਤੇ ਖਿੜੇ ਮੱਥੇ ਵੱਡੇ ਬਹਾਦਰਾ ਵਾਂਗ ਸ਼ਹੀਦੀਆਂ ਪਾ ਲਈਆਂ। ਬੱਚਿਆਂ ਦੀਆਂ ਸ਼ਹੀਦੀਆਂ ਉਪਰੰਤ, ਪ੍ਰਭੂ ਦੀ ਅਮਾਨਤ ਅਦਾ ਹੋਣ ਦਾ ਸ਼ੁਕਰਾਨਾ ਉਨ੍ਹਾਂ ਨੂੰ ਗ੍ਰਹਿਸਥ ਵਿਚ ਉਦਾਸੀ ਤੇ ਸੰਸਾਰ ਵਿਚ ਨਿਰਲੇਪ ਹੋ ਕੇ ਵਿਚਰਣ ਵਾਲੇ ਸਰਬੰਸ ਦਾਨੀ ਦੇ ਰੂਪ ਵਿਚ ਸਾਹਮਣੇ ਲਿਆਉਂਦਾ ਹੈ, ਜਿਨ੍ਹਾਂ ਦੇ ਸਾਹਮਣੇ ਵੱਡੇ-ਵੱਡੇ ਤਿਆਗੀ, ਤਪੱਸਵੀ ਹੇਚ ਹਨ। ਇਸੇ ਤਰ੍ਹਾਂ ਸਮਾਜਿਕ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਕਹੇ ਜਾਂਦੇ ਅਛੂਤਾਂ, ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ, ਜੋ ਸਦੀਆਂ ਤੋਂ ਪੈਰਾਂ ਹੇਠ ਲਿਤਾੜੇ ਜਾ ਰਹੇ ਸਨ, ਨੂੰ ਸਮਾਜ ਵਿਚ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਲੋਕ ਮੁਖੀਆਂ ਦੇ ਰੂਪ ਵਿਚ ਸਥਾਪਤ ਕਰ, ਪਹਿਲੇ ਗੁਰੂਆਂ ਦੇ ਮੁਤਾਬਿਕ ਆਦਰਸ਼ ਜੀਵਨ ਜਾਚ ਦੇ ਧਾਰਨੀ, ਆਚਰਨ ਦੇ ਪੱਕੇ, ਸੱਚੇ ਸੂਰਮੇ ਬਣਾ ਕੇ ਐਸੀ ਕ੍ਰਾਂਤੀ ਲਿਆਂਦੀ

ਜਿਸਦੀ ਮਿਸਾਲ ਦੁਨੀਆਂ ਵਿਚ ਨਹੀਂ ਮਿਲਦੀ। ਐਸੇ ਸਿਪਾਹੀ, ਜੰਗ ਦੇ ਭਿਆਨਕ ਸਮੇਂ ਦੇ ਬਦਲਾ ਲਊ ਹਾਲਾਤਾਂ ਅੰਦਰ ਧੀਆਂ ਭੈਣਾਂ ਦੀ ਬੇਪਤੀ ਕਰਨ ਦੇ ਕੁਕਰਮ ਤੋਂਹੀ ਦੂਰ ਨਹੀਂ ਸਨ, ਸਗੋਂ ਜ਼ਾਲਮਾਂ ਦੇ ਚੁੰਗਲ ਚੋਂ ਛੁਡਾਈਆਂ ਧੀਆਂ ਭੈਣਾਂ ਨੂੰ (ਜਿਨ੍ਹਾਂ ਨੂੰ ਆਮ ਸਿਪਾਹੀ ਲੁੱਟ ਦਾ ਮਾਲ ਸਮਝਦੇ ਸਨ) ਘਰੋ ਘਰੀਂ ਪਹੁੰਚਾਇਆ। ਐਸੇ ਸੂਰਬੀਰਾਂ ਨੇ ਅੰਤ ਬਾਹਰੋਂ ਆਉਂਦੇ ਹਮਲਾਵਰਾਂ ਤੇ ਇਥੋਂ ਦੇ ਜ਼ੁਲਮੀ ਹੁਕਮਰਾਨਾਂ ਨੂੰ ਖਤਮ ਕਰਕੇ ਇਸ ਧਰਤੀ ਤੇ ਧਰਮੀ ਰਾਜ ਸਥਾਪਤ ਕੀਤਾ। ਐਸੇ ਆਦਰਸ਼ਕ ਸਮਾਜ ਤੇ ਕੌਮ ਦੇ ਸਿਰਜਕ ਗੁਰੂ ਸਾਹਿਬ ਬਾਰੇ ਦੁਨੀਆਂ ਦੇ ਅਨੇਕਾਂ ਦਾਨਿਸ਼ਵਰਾਂ ਨੇ ਗੁਰੂ ਸਾਹਿਬ ਦੀ ਪ੍ਰਸੰਸਾ ਵਿਚ ਆਪਣੇ ਵਿਚਾਰ ਲਿਖਕੇ, ''ਸਾਹਿਬੇ ਕਮਾਲ'' ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ ਹੈ।

ਆਓ ! ਪਹਿਲੇ ਗੈਰ ਸਿੱਖ ਕੌਮੀ ਕਵੀ ਮੀਆਂ ਅੱਲਾ ਯਾਰ ਖਾਂ ਜੋਗੀ ਰਹਿਮਾਨੀ ਦੇ ਸ਼ਬਦਾਂ ਵਿਚ ਗੁਰੂ ਸਾਹਿਬ :-

''ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।...''
ਹਰਚੰਦ ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ,
ਸਤਿਗੁਰੂ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ?

(ਤਾਬਿ ਰਕਮ=ਲਿਖਣ ਸ਼ਕਤੀ)

''ਇਕ ਆਂਖ ਸੇ ਕਿਆ, ਬੁਲਬੁਲਾ ਕੁਲ ਬਹਿਲ ਕੋ ਦੇਖੇ,
ਸਾਹਿਲ ਕੋ, ਯਾਂ ਮਝਧਾਰ ਕੋ, ਯਾ ਲਹਿਰ ਕੋ ਦੇਖੇ।''

-0-

3. ਮਾਤਾ ਗੁਜਰ ਕੌਰ ਜੀ

ਆਮ ਦੁਨਿਆਵੀ ਰਵਾਇਤ ਹੈ ਕਿ ਜੇ ਕੋਈ ਬਹੁਤ ਚੰਗਾ ਵਿਅਕਤੀ ਮਿਲੇ ਤਾਂ ਕਹਿੰਦੇ ਹਨ ਕਿ ਧੰਨ ਹੈ ਜੰਮਣ ਵਾਲੀ ਤੇ ਫਿਰ ਮਨੁੱਖ ਨੂੰ ਸੰਪੂਰਨਤਾ ਦੀ ਸਿਖਰ ਪਹੁੰਚਾ ਦੇਣ ਵਾਲੇ ਦਸਮ ਪਤਾਸ਼ਾਹ ਵਰਗੀ ਸੰਪੂਰਨ ਸ਼ਖਸੀਅਤ ਦੀ ਮਾਤਾ ਕਿਤਨੀ ਕੁ ਧੰਨ ਰਹੀ ਹੋਵੇਗੀ, ਸਾਡੀ ਸੋਚ ਉਥੇ ਤੱਕ ਨਹੀਂ ਪਹੁੰਚ ਸਕਦੀ। 1633 ਵਿਚ ਆਪ ਜੀ (ਗੁਰੂ) ਬਾਬਾ ਤੇਗ ਬਹਾਦਰ ਸਾਹਿਬ ਦੀ ਸੁਪਤਨੀ ਬਣ ਕੇ ਗੁਰੂ ਘਰ ਵਿਚ ਆਏ ਤੇ 1705 ਤੱਕ ਲਗਭਗ 72 ਸਾਲ ਦਾ ਸਮਾਂ ਆਪ ਨੇ ਨੂੰਹ, ਪਤਨੀ, ਮਾਤਾ, ਚਾਚੀ, ਦਾਦੀ ਦੇ ਰੂਪ ਵਿਚ ਗੁਰੂ ਘਰ ਦੀਆਂ ਪੰਜ ਪੀੜ੍ਹੀਆਂ ਨਾਲ ਬਿਤਾਇਆਂ।

ਮਾਤਾ ਗੁਜਰ ਕੌਰ ਜੀ ਦਾ ਜਨਮ ਕਰਤਾਰਪੁਰ ਜਲੰਧਰ ਵਿਖੇ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਲਾਲ ਚੰਦ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁਖੋਂ ਹੋਇਆ। ਸਿਆਣੇ ਹੋਣ ਤੇ ਆਪ ਜੀ ਦਾ ਅਨੰਦ ਕਾਰਜ ਬਾਬਾ ਤਿਆਗ ਮੱਲ (ਗੁਰੂ ਤੇਗ ਬਹਾਦਰ ਸਾਹਿਬ) ਜੀ ਨਾਲ 4 ਫਰਵਰੀ 1633 ਵਿਚ ਹੋ ਗਿਆ। ਆਪ ਜੀ ਦੇ ਜੀਵਨ ਨੂੰ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਅਤੇ ਫਿਰ ਸਾਹਿਬਜ਼ਾਦਿਆਂ ਨਾਲ ਆਪ ਦੇ ਨਿੱਘੇ ਸਬੰਧ ਨੂੰ ਲੈ ਕੇ ਦੇਖਣਾ ਜ਼ਿਆਦਾ ਲਾਭਦਾਇਕ ਹੋਵੇਗਾ। ਇਹ ਵੀ ਯਾਦ ਰੱਖੀਏ ਕਿ ਆਪ ਜੀ

ਸੰਸਾਰ ਦੀ ਪਹਿਲੀ ਐਸੀ ਇਸਤਰੀ ਹੋਏ ਹਨ, ਜਿਸ ਦੇ ਪਤੀ ਸ਼ਹੀਦ, ਪੁੱਤਰ ਸ਼ਹੀਦ, ਪੋਤਰੇ ਸ਼ਹੀਦ ਅਤੇ ਆਪ ਵੀ ਸ਼ਹੀਦ ਹਨ।

1633 ਵਿਚ ਆਪ ਜੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਭ ਤੋਂ ਛੋਟੀ ਨੂੰਹ ਬਣ ਕੇ ਘਰ ਆ ਗਏ ਤਾਂ ਜਿਥੇ ਛੇਵੇਂ ਪਾਤਸ਼ਾਹ ਅਤੇ ਗੁਰੂ ਕੇ ਮਹਿਲਾਂ ਨੇ ਆਪ ਜੀ ਨੂੰ ਬੇਟੀਆਂ ਦੀ ਤਰ੍ਹਾਂ ਪਿਆਰ ਕੀਤਾ ਉਥੇ ਆਪ ਜੀ ਨੇ ਵੀ ਹੁਕਮ ਮੰਨਣ ਦੀ ਮੂਰਤ ਬਣ ਪਤੀ ਅਤੇ ਸੱਸ ਸਹੁਰੇ ਦਾ ਸਦਾ ਸਨਮਾਨ ਕੀਤਾ ਸਦਾ ਹੀ ਖਿੜੇ ਮੱਥੇ ਸਭ ਦੀ ਸੇਵਾ ਵਿਚ ਲੱਗੇ ਰਹੇ। ਆਪ ਜੀ ਸਦਾ ਮਿੱਠਾ ਬੋਲਦੇ ਅਤੇ ਖੇੜਾ ਵੰਡਦੇ। ਆਪ ਜੀ ਕੋਮਲ ਚਿੱਤ ਅਤੇ ਸਦਾ ਗੁਰ ਚਰਨਾਂ ਵਿਚ ਧਿਆਨ ਰੱਖਣ ਵਾਲੇ ਸਨ।

ਜਦੋਂ 1635 ਵਿਚ ਛੇਵੇਂ ਪਾਤਸ਼ਾਹ ਨੂੰ ਕਰਤਾਰਪੁਰ ਵਿਖੇ ਪੈਂਦੇ ਖਾਨ ਦੀ ਚੁੱਕ ਤੇ ਮੁਗਲ ਫੌਜ ਨਾਲ ਲੜਾਈ ਲੜਨੀ ਪਈ, ਤਾਂ ਆਪ ਜੀ, ਪਤੀ ਨੂੰ ਜੰਗ ਵਿਚ ਕਮਾਲ ਦੀ ਬਹਾਦਰੀ ਨਾਲ ਜੂਝਦਿਆਂ ਵੇਖ ਕੇ ਸਗੋਂ ਹੱਲਾਸ਼ੇਰੀ ਦਿੰਦੇ ਰਹੇ। ਇਸੇ ਜੰਗ ਵਿਚ ਆਪ ਜੀ ਦੇ ਪਤੀ ਬਾਬਾ ਤਿਆਗ ਮੱਲ ਨੂੰ ਕਮਾਲ ਨਾਲ ਤਲਵਾਰ ਚਲਾਉਂਦਿਆਂ ਵੇਖ ਕੇ ਛੇਵੇਂ ਪਾਤਸ਼ਾਹ ਜੀ ਨੇ ਕਿਹਾ, ''ਤੂੰ ਤਿਆਗ ਮੱਲ ਨਹੀਂ ਤੇਗ ਬਹਾਦਰ ਹੈ।''

ਇਸ ਜੰਗ ਉਪਰੰਤ ਛੇਵੇਂ ਪਾਤਸ਼ਾਹ ਨੇ ਧਰਮ ਪ੍ਰਚਾਰ, ਪ੍ਰਸਾਰ ਅਤੇ ਕੌਮ ਦੀ ਤਿਆਰੀ ਲਈ ਕੀਰਤਪੁਰ ਆ ਵਸੇਬਾ ਕੀਤਾ। ਉਧਰ ਹਕੂਮਤ ਦੀ ਮਦਦ ਨਾਲ ਅੰਮ੍ਰਿਤਸਰ ਉਤੇ ਮੀਣਿਆਂ (ਬਾਬਾ ਪ੍ਰਿਥੀ ਚੰਦ ਦੀ ਔਲਾਦ) ਨੇ ਕਬਜ਼ਾ ਕਰ ਲਿਆ ਤਾਂ ਮਾਝੇ ਵਿਚ ਸਿੱਖੀ ਨੂੰ ਸੰਭਾਲਣ ਅਤੇ ਪ੍ਰਚਾਰਣ ਦੀ ਸੇਵਾ ਲਈ ਆਪ ਜੀ ਨੇ ਬਾਬਾ ਤੇਗ ਬਹਾਦਰ ਜੀ ਨੂੰ ਬਕਾਲੇ ਵਿਖੇ ਸਿੱਖੀ ਪ੍ਰਚਾਰ ਦਾ ਕੇਂਦਰ ਸਥਾਪਤ ਕਰਨ ਲਈ ਭੇਜ ਦਿੱਤਾ। ਇਥੇ ਰਹਿ ਕੇ ਆਪ ਜੀ ਨੇ ਤਕਰੀਬਨ 21 ਸਾਲ ਸਿੱਖੀ ਪ੍ਰਚਾਰ ਦੀ ਨਿੱਗਰ ਸੇਵਾ ਨਿਭਾਈ। ਇਸ ਸਾਰੇ ਸਮੇਂ ਦੌਰਾਨ ਮਾਤਾ ਗੁਜਰ ਕੌਰ ਜੀ ਨੇ ਪਤੀ ਦੇ ਉਦੇਸ਼ ਨੂੰ ਤਨੋਂ ਮਨੋਂ ਸਮਰਪਿਤ ਰਹਿੰਦਿਆਂ ਗੁਰੂ ਘਰ ਦੀਆਂ ਸਭ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਪੂਰਾ ਕੀਤਾ। ਜਿਥੇ ਬਾਬਾ ਤੇਗ ਬਹਾਦਰ ਜੀ ਬੜੇ ਸੂਝਵਾਨ ਪ੍ਰਚਾਰਕ ਸਨ ਉਥੇ ਮਾਤਾ ਨਾਨਕੀ ਜੀ (ਗੁਰੂ ਸਾਹਿਬ ਜੀ ਦੇ ਮਾਤਾ ਜੀ) ਅਤੇ ਮਾਤਾ ਗੁਜਰੀ ਜੀ ਵੀ ਸਿੱਖੀ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਆਮ ਬੀਬੀਆਂ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ ਕਰਦੇ ਰਹਿੰਦੇ।

ਆਪ ਦੋਹਾਂ ਜੀਆਂ ਨੇ ਵੱਡੇ ਹੋਣ ਦੇ ਬਾਵਜੂਦ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਗੁਰੂ ਬਣਨ ਤੇ ਸਭ ਤੋਂ ਪਹਿਲਾਂ ਮੱਥਾ ਟੇਕ ਕੇ ਗੁਰੂ ਹੁਕਮਾਂ ਅੱਗੇ ਸਿਰ ਝੁਕਾਇਆ ਅਤੇ ਬਕਾਲੇ ਵਿਖੇ ਰਹਿ ਕੇ ਸਿੱਖੀ ਪ੍ਰਚਾਰ ਨੂੰ ਲਗਾਤਾਰ ਜਾਰੀ ਰੱਖਿਆ। ਇਸੇ ਸਮੇਂ ਦੌਰਾਨ ਬਿਹਾਰ ਵਿਚ ਗਯਾ ਤੋਂ ਭਗਤ ਭਗਵਾਨ ਗਿਰਿ ਆਪਣੇ 365 ਚੇਲਿਆਂ ਸਮੇਤ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨ ਕਰਨ ਆਇਆ ਤਾਂ ਸਿੱਖੀ ਦੀ ਮਹੱਤਤਾ ਨੂੰ ਸਮਜਦਿਆਂ ਹੋਇਆ ਚੇਲਿਆਂ ਸਮੇਤ ਸਿੱਖੀ ਵਿਚ ਪ੍ਰਵੇਸ਼ ਕਰ ਗਿਆ। ਹੁਣ ਉਸ ਦੀ ਇੱਛਾ ਸੀ ਕਿ ਪੂਰਬੀ ਭਾਰਤ ਵਿਚ ਫੈਲੇ ਉਸਦੇ ਡੇਰੇ ਵੀ ਸਿੱਖੀ ਪ੍ਰਚਾਰ ਦੇ ਕੇਂਦਰ ਬਣ ਜਾਣ। ਇਸ ਕੰਮ ਲਈ

ਗੁਰੂ ਹਰਿ ਰਾਏ ਸਾਹਿਬ ਨੂੰ ਸਭ ਤੋਂ ਉੱਤਮ ਬਾਬਾ ਤੇਗ ਬਹਾਦਰ ਜੀ ਹੀ ਲੱਗੇ ਅਤੇ ਗੁਰੂ ਹਰਿ ਰਾਏ ਸਾਹਿਬ ਨੇ ਬਾਬਾ ਜੀ ਦੀ ਜ਼ਿੰਮੇਵਾਰੀ ਬਿਹਾਰ, ਬੰਗਾਲ ਅਤੇ ਉੜੀਸਾ ਵਿਖੇ ਪ੍ਰਚਾਰ ਦੀ ਲਗਾਈ। ਇਤਨਾ ਲੰਬਾ ਸਮਾਂ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਨਾਲ ਰਹੀਆਂ ਤੇ ਸਿੱਖੀ ਪ੍ਰਚਾਰ ਲਈ ਮਦਦ ਕਰਦੀਆਂ ਰਹੀਆਂ।

ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਮਿਲਣ ਸਮੇਂ ਬਾਬਾ ਤੇਗ ਬਹਾਦਰ ਸਾਹਿਬ ਜੀ ਬਿਹਾਰ ਵਾਲੇ ਪਾਸੇ ਹੀ ਪ੍ਰਚਾਰ ਕਰ ਰਹੇ ਸਨ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਔਰੰਗਜ਼ੇਬ ਨੇ ਦਿੱਲੀ ਵਿਖੇ ਪਹੁੰਚ ਕੇ ਮਿਲਣ ਲਈ ਸੁਨੇਹਾ ਭੇਜ ਦਿੱਤਾ। ਉਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਪਹੁੰਚੇ ਤਾਂ ਚੇਚਕ ਫੈਲੀ ਹੋਈ ਸੀ। ਆਪ ਜੀ ਬੇਪਰਵਾਹ ਹੋ ਰੋਗੀਆਂ ਦੀ ਸੇਵਾ ਵਿਚ ਜੁੱਟ ਗਏ। ਜਿਸ ਕਾਰਨ ਆਪ ਜੀ ਉਤੇ ਵੀ ਚੇਚਕ ਦਾ ਜਾਨਲੇਵਾ ਹਮਲਾ ਹੋ ਗਿਆ। ਬਿਮਾਰੀ ਦੌਰਾਨ ਹੀ ਆਪ ਨੂੰ ਬਾਬਾ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਹੋਰ ਪ੍ਰਚਾਰਕਾਂ ਸਮੇਤ ਦਿੱਲੀ ਆ ਕੇ ਮਿਲੇ। ਉਸੇ ਸਮੇਂ ਹੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਆਪਣੀ ਸਰੀਰਿਕ ਅਵਸਥਾ ਨੂੰ ਵੇਖਦਿਆਂ ਗੁਰਗੱਦੀ ਦੀ ਜ਼ਿੰਮੇਵਾਰੀ ਬਾਬਾ ਤੇਗ ਬਹਾਦਰ ਜੀ ਨੂੰ ਸਮਝਾ ਕੇ ਬਕਾਲੇ ਭੇਜ ਦਿੱਤਾ। ਅੱਠ ਦਿਨਾਂ ਬਾਅਦ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ।

ਅੱਗੋਂ 1656 ਤੋਂ 1664 ਤੱਕ ਦੇ ਲਗਾਤਾਰ ਅੱਠ ਸਾਲ ਦੇ ਵਕਫੇ ਵਿਚ ਬਕਾਲੇ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਹਰ ਰਹਿਣ ਕਾਰਨ ਗੁਰੂ ਹਰਿ ਰਾਏ ਸਾਹਿਬ ਦੇ ਵੱਡੇ ਭਾਈ ਧੀਰ ਮੱਲ ਨੇ ਮੌਕੇ ਦਾ ਫਾਇਦਾ ਉਠਾ ਕੇ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ, ਪਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਨੇੜਲੇ ਸਾਰੇ ਹੀ ਮੁਖੀ ਇਹ ਜਾਣਦੇ ਸਨ ਕਿ ਗੁਰੂ ਸਾਹਿਬ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪ ਗਏ ਹਨ। ਇਸ ਲਈ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਅੰਤਿਮ ਅਰਦਾਸ ਉਪਰੰਤ ਸਾਰਾ ਪਰਿਵਾਰ ਅਤੇ ਮੁਖੀ ਸਿੱਖ ਬਕਾਲੇ ਵਿਖੇ ਇਕੱਠੇ ਹੋਏ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਤਖਤ ਤੇ ਬਿਰਾਜਮਾਨ ਕਰਨ ਦੀ ਰਸਮ ਨਿਭਾਈ ਗਈ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਵੀ ਇਸ ਸਮਾਗਮ ਵਿਚ ਸ਼ੁਸ਼ੋਭਿਤ ਸਨ। ਗੁਰਗੱਦੀ ਦੀ ਰਸਮ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਪਹਿਲਾਂ ਅੰਮ੍ਰਿਤਸਰ ਸਾਹਿਬ ਗਏ ਤੇ ਫਿਰ ਕੀਰਤਪੁਰ ਸਾਹਿਬ ਗਏ। ਕੀਰਤਪੁਰ ਸਾਹਿਬ ਵਸੇਬੇ ਦੌਰਾਨ ਹੀ ਆਪ ਜੀ ਨੇ ਮਾਖੋਵਾਲ ਨਾਂ ਦੇ ਥੇਹ ਤੇ ਅਨੰਦਪੁਰ ਸਾਹਿਬ ਨਾਂ ਦਾ ਨਵਾਂ ਸ਼ਹਿਰ ਵਸਾਇਆ ਅਤੇ 1665 ਵਿਚ ਫਿਰ ਪਰਿਵਾਰ ਸਮੇਤ ਬਿਹਾਰ ਵਾਲੇ ਪਾਸੇ ਚਾਲੇ ਪਾ ਦਿੱਤੇ। ਪਰਿਵਾਰ ਨੂੰ ਪਟਨੇ ਵਿਖੇ ਛੱਡ ਕੇ ਅੱਗੋਂ ਆਪ ਜੀ ਬੰਗਾਲ ਅਤੇ ਆਸਾਮ ਵਿਖੇ ਚਲੇ ਗਏ। ਪਟਨੇ ਵਿਖੇ ਹੀ 1666 ਵਿਚ ਆਪ ਜੀ ਦੇ ਘਰ ਸਾਹਿਬਜ਼ਾਦਾ ਗੋਬਿੰਦ ਰਾਏ ਜੀ (ਗੁਰੂ ਗੋਬਿੰਦ ਸਿੰਘ) ਦਾ ਜਨਮ ਹੋਇਆ। ਇਹ ਸਮਾਂ ਮਾਤਾ ਗੁਜਰੀ ਜੀ ਲਈ ਮੁਸ਼ਕਿਲ ਦਾ ਸੀ, ਪਰ ਮਾਤਾ ਨਾਨਕੀ ਜੀ ਦੀ ਠੰਡੀ ਛਾਂ ਅਤੇ ਵੀਰ ਕਿਰਪਾਲ ਚੰਦ ਦਾ ਨਿੱਘਾ ਹੱਥ ਸਿਰ ਤੇ ਹੋਣ ਕਾਰਨ ਆਪ ਜੀ ਨੇ ਇਸ ਸਮੇਂ ਨੂੰ ਵੀ ਸਹਿਜ ਵਿਚ ਬਿਤਾਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਉਸ ਸਮੇਂ ਢਾਕੇ ਵਿਚ ਸਨ।

ਸਾਹਿਬਜ਼ਾਦੇ ਦੇ ਜਨਮ ਦੀ ਖਬਰ ਮਿਲਣ 'ਤੇ ਆਪ ਜੀ ਨੇ ਪਟਨੇ ਦੀ ਸੰਗਤ ਲਈ ਹੁਕਮਨਾਮੇ ਅਤੇ ਸਾਹਿਬਜ਼ਾਦੇ ਲਈ ਨਿੱਘਾ ਪਿਆਰ ਭੇਜਿਆ। ਮਾਤਾ ਗੁਜਰੀ ਜੀ ਸਾਹਿਬਜ਼ਾਦੇ ਦੀ ਸਰਬ ਪੱਖੀ ਸ਼ਖਸੀਅਤ ਦੀ ਘਾੜਤ ਪ੍ਰਤੀ ਬਹੁਤ ਜ਼ਿਆਦਾ ਸੁਚੇਤ ਸਨ। ਇਤਿਹਾਸ ਗਵਾਹ ਹੈ ਕਿ ਇੰਨੀ ਪੱਕੀ ਨੀਂਹ ਆਪ ਜੀ ਨੇ ਬਾਲ ਗੋਬਿੰਦ ਰਾਏ ਜੀ ਦੀ ਘੜੀ ਕਿ ਛੋਟੀ ਉਮਰ ਵਿਚ ਹੀ ਉਹ ਵੱਡੇ ਕਾਰਨਾਮਿਆਂ ਨੂੰ ਅੰਜ਼ਾਮ ਦੇ ਗਏ। 1670 ਵਿਚ ਆਪ ਜੀ ਅਨੰਦਪੁਰ ਸਾਹਿਬ ਆ ਗਏ।

1675 ਵਿਚ ਜਦੋਂ ਨੌਂਵੇ ਪਾਤਸ਼ਾਹ ਸ਼ਹੀਦ ਹੋਣ ਲਈ ਦਿੱਲੀ ਜਾਣ ਲੱਗੇ ਤਾਂ ਮਾਤਾ ਗੁਜਰੀ ਜੀ ਨੇ ਪੂਰੀ ਜ਼ਿੰਮੇਵਾਰੀ ਨਿਭਾਉਂਦਿਆਂ ਪਿਛੇ ਵਲੋਂ ਬੇਫਿਕਰ ਰਹਿਣ ਲਈ ਕਿਹਾ ਤੇ ਨਿਰਾ ਕਿਹਾ ਹੀ ਨਹੀਂ ਸਗੋਂ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਜਿਸ ਤਨਦੇਹੀ ਨਾਲ ਆਪ ਜੀ ਨੇ ਫਰਜ਼ ਪੂਰੇ ਕੀਤੇ, ਉਹ ਸਭ ਕੁਝ ਦੁਨੀਆਂ ਭਰ ਦੀਆਂ ਬੀਬੀਆਂ ਲਈ ਇਕ ਮਿਸਾਲ ਹੈ। ਪਤੀ ਸ਼ਹੀਦ ਹੋ ਚੁੱਕੇ ਹਨ, ਨੌਂ ਸਾਲ ਦੇ ਬਾਲਕ ਗੋਬਿੰਦ ਰਾਏ ਜੀ ਗੱਦੀ ਤੇ ਸਨ, ਘਰ ਵਿਚ ਹੀ ਧੀਰਮਲੀਆਂ ਅਤੇ ਮੀਣਿਆਂ ਵਰਗੇ ਵਿਰੋਧੀ ਸਨ, ਬਾਹਰ ਮੁਗਲ ਫੌਜ ਖਾਤਮਾ ਕਰਨ ਤੇ ਤੁਲੀ ਹੋਈ ਸੀ, ਮਸੰਦ ਦਸਵੰਦ ਦੀਆਂ ਰਕਮਾਂ ਪਹੁੰਚਾਉਣ ਵਿਚ ਆਨਾਕਾਨੀ ਕਰਦੇ ਸਨ। ਇਹੋ ਜਿਹੇ ਬਿਖੜੇ ਸਮੇਂ ਤੇ ਤਕਰੀਬਨ ਸਾਰੇ ਹਿੰਦੁਸਤਾਨ ਵਿਚ ਫੈਲੀ ਸਿੱਖੀ ਦੀ ਰਾਖੀ ਕਰਨੀ ਤੇ ਗੁਰੂ ਗੋਬਿੰਦ ਰਾਏ ਜੀ ਦੀ ਸਿੱਖਿਆ ਵੱਲ ਵੀ ਧਿਆਨ ਦੇਣਾ ਬਹੁਤ ਵੱਡਾ ਕਾਰਜ ਸੀ। ਮਾਤਾ ਨਾਨਕੀ ਜੀ ਨੂੰ ਪੁੱਤਰ ਦੀ ਥਾਂ ਖੜ੍ਹੇ ਹੋ ਕੇ ਧਰਵਾਸਾ ਦੇਣਾ ਅਤੇ ਅਰਦਾਸ ਕਰਨੀ ਕਿ ਪਤੀ ਦੀ ਨਿਭ ਆਈ ਹੈ ਤੇ ਮੇਰੀ ਵੀ ਨਿਭ ਜਾਏ, ਇਹ ਮਾਤਾ ਗੁਜਰੀ ਜੀ ਦਾ ਹੀ ਕੰਮ ਸੀ।

ਜਦੋਂ ਦਸਮ ਪਤਾਸ਼ਾਹ 1699 ਵਿਚ ਖਾਲਸਾ ਸਾਜਦੇ ਹਨ ਤਾਂ ਕੁਝ ਦਿਨਾਂ ਦੇ ਵਿਚ ਹੀ 80 ਹਜ਼ਾਰ ਸਿੱਖ ਖੰਡੇ ਦੀ ਪਾਹੁਲ ਲੈ ਕੇ ਖਾਲਸਾ ਪੰਥ ਵਿਚ ਸ਼ਾਮਿਲ ਹੁੰਦੇ ਹਨ। ਇਸ ਭਰਵੇਂ ਉੱਦਮ ਸਮੇਂ ਮਾਤਾ ਜੀ ਨੇ ਯੋਗ ਪ੍ਰਬੰਧਕ ਵਜੋਂ ਪੂਰੀ ਜ਼ਿੰਮੇਵਾਰੀ ਨਿਭਾਈ।

ਸਾਹਿਬਜ਼ਾਦਿਆਂ ਨੂੰ ਆਪ ਜੀ ਨੇ ਗੋਦੀ ਵਿਚ ਲੈ ਕੇ ਚੰਗੇ ਢੰਗ ਦੀ ਸਿੱਖਿਆ ਦਿੱਤੀ, ਦਾਦੀ ਦੇ ਰੂਪ ਵਿਚ ਇਥੇ ਆਪ ਜੀ ਦਾ ਯੋਗਦਾਨ ਬਹੁਤ ਹੀ ਪ੍ਰੇਰਨਾ ਭਰਪੂਰ ਹੈ। ਦਸਮ ਪਾਤਸ਼ਾਹ ਜੀ ਨਾਲ ਮੁਗਲ ਹਕੂਮਤ ਦੀ ਹੋਈ ਜੰਗ ਸਮੇਂ ਆਪ ਜੀ ਦਾ ਸਹਿਯੋਗ ਭਾਵਪੂਰਤ ਰਿਹਾ। ਜਦੋਂ ਅਨੰਦਪੁਰ ਸਾਹਿਬ ਛੱਡਣਾ ਪੈਂਦਾ ਹੈ ਤਾਂ ਸਰਸਾ ਪਾਰ ਕਰਦਿਆਂ ਬਾਕੀ ਪਰਿਵਾਰ ਨਾਲੋਂ ਆਪ ਜੀ ਦਾ ਵਿਛੋੜਾ ਅਤਿ ਦੁਖਦਾਇਕ ਸੀ ਅਤੇ ਅਗਲਾ ਹਰ ਕਦਮ ਕਸ਼ਟਦਾਇਕ ਸੀ, ਫਿਰ ਵੀ ਆਪ ਅਡੋਲ ਰਹਿੰਦਿਆਂ ਸਾਹਿਬਜ਼ਾਦਿਆਂ ਨੂੰ ਵੀ ਗੁਰ ਇਤਿਹਾਸ ਤੇ ਬਾਣੀ ਸੁਣਾ ਕੇ ਅਡੋਲ ਰਹਿਣ ਦੀ ਪ੍ਰੇਰਨਾ ਦਿੰਦੇ ਹਨ।

ਆਪ ਜੀ ਨੂੰ ਗੰਗੂ ਰਸੋਈਆ ਮਿਲ ਪਿਆ ਅਤੇ ਆਪ ਜੀ ਨੂੰ ਸਾਹਿਬਜ਼ਾਦਿਆਂ ਸਮੇਤ ਆਪਣੇ ਪਿੰਡ ਖੇੜੀ ਲੈ ਗਿਆ। ਸਵੇਰ ਹੋਣ ਤੱਕ ਗੰਗੂ ਫੌਜ ਦੇ ਸਿਪਾਹੀਆਂ ਨੂੰ ਬੁਲਾ ਲਿਆਇਆ। ਮਾਤਾ ਜੀ ਤੇ ਸਾਹਿਜ਼ਾਦਿਆਂ ਨੂੰ ਫੜ ਕੇ ਸਰਹੰਦ ਦੇ ਨਵਾਬ ਵਜ਼ੀਰ

ਖਾਂ ਕੋਲ ਲਿਜਾਇਆ ਗਿਆ। ਇਕ ਉੱਚੇ ਠੰਡੇ ਬੁਰਜ ਵਿਚ ਤਿੰਨਾਂ ਨੂੰ ਰੱਖਿਆ ਗਿਆ। ਦਸੰਬਰ ਮਹੀਨੇ ਦੀ ਅਤਿ ਦੀ ਠੰਡ ਵਿਚ ਮਾਤਾ ਜੀ ਪੋਤਰਿਆਂ ਨੂੰ ਹਿੱਕ ਨਾਲ ਲਾ ਗੁਰੂ ਘਰ ਦੀਆਂ ਸ਼ਹੀਦੀ ਪ੍ਰੰਪਰਾਵਾਂ ਪੱਕੀਆਂ ਕਰਵਾ ਰਹੇ ਸਨ। ਭਾਂਵੇ ਸਾਹਿਬਜ਼ਾਦਿਆਂ ਵਲੋਂ ਉਹ ਬੇਫਿਕਰ ਸਨ, ਪਰ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਨਹੀਂ ਸਨ ਮੋੜ ਰਹੇ। ਛੋਟੇ ਸਾਹਿਬਜ਼ਾਦਿਆਂ ਦੀ ਦਿਲ ਹਿਲਾ ਦੇਣ ਵਾਲੀ ਸ਼ਹਾਦਤ ਹੋਈ। ਮਾਤਾ ਜੀ ਨੂੰ ਜਿਵੇਂ ਹੀ ਸਾਹਿਬਜ਼ਾਦਿਆਂ ਤੇ ਅਖੀਰ ਤੱਕ ਆਪਣੇ ਧਰਮ ਵਿਚ ਅਡੋਲ ਰਹਿਣ ਦੀ ਖਬਰ ਮਿਲੀ ਤਾਂ ਆਪ ਜੀ ਨੇ ਸਾਹਿਬਜ਼ਾਦਿਆਂ ਦੀ ਆਖਰੀ ਸੁਆਸਾਂ ਤੱਕ ਨਿਭ ਜਾਣ ਦੇ ਕਾਰਨ ਪੂਰਨ ਸ਼ੁਕਰਾਨੇ ਵਿਚ ਭਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਉਪਰੰਤ ਆਪ ਜੀ ਨੂੰ ਬੁਰਜ ਤੋਂ ਹੇਠਾਂ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਰਾਜਾ ਟੋਡਰ ਮੱਲ ਨੇ ਸੋਨੇ ਦੀਆਂ ਮੁਹਰਾਂ ਵਿਛਾ ਕੇ ਤਿੰਨਾਂ ਦੇ ਸਸਕਾਰ ਲਈ ਥਾਂ ਖਰੀਦੀ ਅਤੇ ਸੇਜਲ ਨੇਤਰਾਂ ਨਾਲ ਮਾਤਾ ਜੀ ਦਾ ਅਤੇ ਦੋ ਛੋਟੇ-ਛੋਟੇ ਮਹਾਨ ਸ਼ਹੀਦਾਂ ਦਾ ਸਸਕਾਰ ਕੀਤਾ। ਉਸ ਸਥਾਨ ਤੇ ਅੱਜ ਗੁਰਦੁਆਰਾ ਜੋਤੀ ਸਰੂਪ ਕਾਇਮ ਹੈ।

ਮਾਤਾ ਗੁਜਰੀ ਜੀ ਦਾ 72 ਸਾਲ ਦਾ ਗੁਰੂ ਘਰ ਵਿਚ ਬਿਤਾਇਆ ਜੀਵਨ ਪੂਰੀ ਦੁਨੀਆਂ ਦੀਆਂ ਨੂੰਹਾਂ, ਪਤਨੀਆਂ, ਮਾਵਾਂ, ਦਾਦੀਆਂ ਲਈ ਆਦਰਸ਼ ਨਮੂਨਾ ਹੈ।

-0-

4. ਛੋਟੇ ਸਾਹਿਬਜ਼ਾਦੇ

ਸਿੱਖ ਗੁਰੂ ਸਾਹਿਬਾਨ ਨੇ ਜੋ ਜੀਵਨ ਮਾਰਗ ਸਿੱਖ ਸੰਗਤਾਂ ਨੂੰ ਦੱਸਿਆ ਉਸਨੂੰ ਪਹਿਲਾਂ ਆਪਣੇ ਜੀਵਨ ਰਾਹੀਂ ਪ੍ਰਗਟ ਕੀਤਾ। ਉਨ੍ਹਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇਕਰ ਮਨ ਅੰਦਰੂਨੀ ਅਤੇ ਬਾਹਰੀ ਤੌਰ ਤੇ ਦ੍ਰਿੜ ਹੈ ਤਾਂ ਹੀ ਅਧਿਆਤਮਿਕ ਵਿਕਾਸ ਦੀ ਦਿਸ਼ਾ ਵੱਲ ਕਦਮ ਚੁੱਕਿਆ ਜਾ ਸਕਦਾ ਹੈ। ਉਨ੍ਹਾਂ ਦੀ ਇਸ ਫਿਲਾਸਫੀ ਨੇ ਲੋਕ ਚੇਤਨਾ ਜਾਗਰਤ ਕਰਨ ਦਾ ਕੰਮ ਕੀਤਾ। ਲੋਕਾਈ ਨੂੰ ਗਿਆਨ ਦੇਣ ਵਿਚ ਇਕੱਲੇ ਗੁਰੂ ਸਾਹਿਬ ਹੀ ਅੱਗੇ ਨਹੀਂ ਆਏ ਬਲਕਿ ਉਨ੍ਹਾਂ ਦੇ ਪਰਿਵਾਰ ਦੇ ਸਮੂਹ ਮੈਂਬਰਾਂ ਨੇ ਵੀ ਇਸ ਕੰਮ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਅਜਿਹੀ ਹੀ ਇਕ ਮਿਸਾਲ ਸਾਨੂੰ ਗੁਰੂ ਗੋਬਿੰਦ ਜੀ ਦੇ ਪਰਿਵਾਰ ਵਿਚੋਂ ਵੇਖਣ ਨੂੰ ਮਿਲਦੀ ਹੈ, ਜਿਸ ਵਿਚ ਉਨ੍ਹਾਂ ਦੇ ਸਾਰੇ ਸਪੁੱਤਰਾਂ ਨੇ ਗੁਰਮਤਿ ਗਾਡੀ ਰਾਹ ਦਾ ਉਪਦੇਸ਼ ਧਾਰਨ ਕਰਨ ਅਤੇ ਇਸ ਉੱਤੇ ਦ੍ਰਿੜਤਾ ਨਾਲ ਪਹਿਰਾ ਦੇ ਕੇ ਸਮੂਹਕ ਚੇਤਨਾ ਜਾਗਰਤ ਕਰਦੇ ਹੋਏ ਸਦੀਵੀ ਚਾਨਣ ਮੁਨਾਰੇ ਦਾ ਕੰਮ ਕੀਤਾ, ਕਿਉਂਕਿ ਗੁਰਮਤਿ ਵਿਚ ਉਮਰ ਦੀਆਂ ਹੱਦਾਂ ਦੀ ਕੋਈ ਰੋਕ ਨਹੀਂ, ਜਿਸਦੀ ਪ੍ਰਤੱਖ ਮਿਸਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੈ।

ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ 28 ਨਵੰਬਰ ਸੰਨ 1696 ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ 12 ਦਸੰਬਰ ਸੰਨ 1698 ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹ ਸ਼ਹੀਦੀ ਸਾਕਾ 26 ਦਸੰਬਰ ਸੰਨ 1705 ਨੂੰ ਸਰਹੰਦ ਵਿਖੇ ਹੋਇਆ। ਉਸ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਉਮਰ 7 ਸਾਲ ਅਤੇ 9 ਸਾਲ

ਸੀ। ਇਹ ਛੋਟੇ ਸਾਹਿਬਜ਼ਾਦੇ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ ਨਾਲ ਸਨ, ਪਰ 19-20 ਦਸੰਬਰ ਸੰਨ 1705 (6-7 ਪੋਹ) ਦੀ ਰਾਤ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਿਆ ਗਿਆ, ਇਸ ਸਮੇਂ ਸਤਿਗੁਰੂ ਜੀ ਦੇ ਨਾਲ ਉਹਨਾਂ ਦਾ ਸਾਰਾ ਪਰਿਵਾਰ, ਸਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ 1500 ਦੇ ਕਰੀਬ, ਘੋੜ ਸਵਾਰ ਅਤੇ ਪੈਦਲ ਸਨ। ਜਦ ਵਹੀਰ ਕੀਰਤਪੁਰ ਤੋਂ ਹੋ ਕੇ ਸਰਸਾ ਨਦੀ ਪਾਸ ਪੁੱਜਿਆ ਤਾਂ ਵੈਰੀ ਨੇ ਆ ਘੇਰਿਆ। ਅੱਗੇ ਸਰਸਾ ਨਦੀ ਵੀ ਠਾਠਾਂ ਮਾਰ ਰਹੀ ਸੀ, ਅਤੇ ਕਹਿਰ ਦੀ ਠੰਡ ਸੀ। ਕੁਝ ਜਥੇ ਵੈਰੀ ਦਾ ਸਾਹਮਣਾ ਕਰਨ ਲਈ ਵੈਰੀ ਦੇ ਸਾਹਮਣੇ ਖੜ੍ਹੇ ਕੀਤੇ ਗਏ ਅਤੇ ਸਤਿਗੁਰੂ ਵੱਡੀ ਸਾਰੀ ਵਹੀਰ ਨਾਲ ਬਹੁਤ ਸਾਰੇ ਜਥੇ ਬਣਾ ਕੇ ਸਰਸਾ ਵਿਚ ਠਿਲ੍ਹ ਪਏ। ਇਸੇ ਸਮੇਂ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਨਾਲ ਵਾਲੇ ਸਿੰਘਾਂ ਵਿਚੋਂ ਬਹੁਤ ਸਾਰੇ ਸ਼ਹੀਦ ਹੋ ਗਏ ਅਤੇ ਕੁਝ ਰੁੜ ਗਏ। ਗੰਗਾ ਰਾਮ ਬ੍ਰਾਹਮਣ ਦੇਰ ਤੋਂ ਗੁਰੂ ਸਾਹਿਬ ਦਾ ਨੌਕਰ ਰਹਿ ਕੇ ਨਿਰਬਾਹ ਕਰ ਰਿਹਾ ਸੀ। ਇਸ ਦਾ ਪਿੰਡ ਖੇੜੀ, ਇਥੋਂ ਵੀਹ ਕੁ ਮੀਲਾਂ ਦੀ ਵਿੱਥ 'ਤੇ ਮੋਰਿੰਡਾ ਦੇ ਨੇੜੇ ਸੀ। ਗੰਗਾ ਰਾਮ ਇਲਾਕੇ ਦਾ ਵਾਕਿਫ ਸੀ, ਉਹ ਵਾਹੋਦਾਹੀ ਉਹਨਾਂ ਨੂੰ ਆਪਣੇ ਪਿੰਡ ਲੈ ਗਿਆ।

ਖੇੜੀ, ਸਰਹੰਦ ਤੋਂ ਉੱਤਰ-ਪੂਰਬ ਵੱਲ 11 ਮੀਲ 'ਤੇ ਹੈ। ਉਧਰ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਹੀ ਸਲਾਮਤ ਨਿਕਲ ਜਾਣਾ ਹਕੂਮਤ ਦੀ ਬਹੁਤ ਵੱਡੀ ਹਾਰ ਸੀ। ਚਮਕੌਰ ਆਦਿਕ ਇਲਾਕਾ ਸਰਹੰਦ ਦੇ ਮਤਹਿਤ ਸੀ। ਅਨੰਦਪੁਰ ਦੇ ਸੱਤ ਮਹੀਨਿਆਂ ਦੇ ਜੰਗ ਵਿਚ ਮੁਗਲ ਹਕੂਮਤ ਦੀ ਬਹੁਤੀ ਜ਼ਿੰਮੇਵਾਰੀ ਸਰਹੰਦ ਦੇ ਸੂਬੇਦਾਰ ਸਿਰ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਨੂੰ ਫੜ੍ਹਨ ਵਾਸਤੇ ਗਸ਼ਤੀ ਫੌਜਾਂ ਤੋਰ ਦਿੱਤੀਆਂ। ਆਪਣੇ ਸਾਰੇ ਇਲਾਕੇ ਵਿਚ ਡੌਂਡੀ ਪਿਟਵਾ ਦਿੱਤੀ ਕਿ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਫੜਨ ਵਾਸਤੇ ਇਨਾਮ ਦੇ ਲਾਲਚ ਵੀ ਪੇਸ਼ ਕੀਤੇ ਗਏ।

ਕੁਝ ਡਰ ਅਤੇ ਕੁਝ ਸਹਿਮ ਦੇ ਲਾਲਚ ਵਿਚ ਆ ਕੇ ਗੰਗਾ ਰਾਮ ਬ੍ਰਾਹਮਣ ਸਾਰੇ ਫਰਜ਼ ਭੁਲਾ ਕੇ ਮੋਰਿੰਡੇ ਦੇ ਕੋਤਵਾਲ ਨੂੰ ਸੱਦ ਲਿਆਇਆ। ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਪਕੜ ਕੇ ਸਰਹੰਦ ਅਪੜਾਏ ਗਏ। ਵਜ਼ੀਰ ਖਾਂ ਸਰਹੰਦ ਵਾਪਸ ਪਹੁੰਚ ਚੁੱਕਾ ਸੀ। ਸਾਹਿਬਜ਼ਾਦਿਆਂ ਨੂੰ ਮਾਤਾ ਜੀ ਦੇ ਸਮੇਤ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤਾ ਗਿਆ। ਜਦ ਦੂਸਰੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਤਾਂ ਸਭ ਹੈਰਾਨ ਸਨ ਕਿ ਬੱਚਿਆਂ ਦੇ ਚਿਹਰੇ ਤੇ ਜ਼ਰਾ ਵੀ ਘਬਰਾਹਟ ਜਾਂ ਉਦਾਸੀ ਨਹੀਂ ਸੀ। ਵਜ਼ੀਰ ਖਾਂ ਇਹ ਸਮਝਦਾ ਸੀ ਕਿ ਇਤਨੀ ਛੋਟੀ ਅਵਸਥਾ ਦੇ ਆਮ ਬੱਚਿਆਂ ਨੂੰ ਤਾਂ ਕੇਵਲ ਡਰਾ ਕੇ ਹੀ ਝੁਕਾਇਆ ਜਾ ਸਕਦਾ ਹੈ। ਜੇਕਰ ਇਹ ਬੱਚੇ ਡਰ 'ਚ ਆ ਕੇ ਮੁਸਲਮਾਨ ਬਣ ਜਾਣ, ਤਾਂ ਹਕੂਮਤ ਦੀ ਜਿੱਤ ਸਮਝੀ ਜਾ ਸਕਦੀ ਹੈ। ਸੋ ਬਜਾਏ ਜ਼ਬਰਦਸਤੀ ਕਰਨ ਦੇ ਉਸਨੇ ਦਰਬਾਰੀਆਂ ਦੇ ਰਾਹੀਂ ਸਾਹਿਬਜ਼ਾਦਿਆਂ ਨੂੰ ਇਹ ਸਮਝਾਇਆ ਕਿ ਤੁਹਾਡੇ ਪਿਤਾ, ਭਰਾ

ਤੇ ਹੋਰ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਹਨ, ਹੁਣ ਤੁਸੀਂ ਇਕੱਲੇ ਹੋ, ਕਿਸ ਪਾਸ ਰਹੋਗੇ? ਜੇਕਰ ਮੁਸਲਮਾਨ ਬਣ ਜਾਓ ਤਾਂ ਤੁਹਾਨੂੰ ਸੁੱਖ ਆਰਾਮ ਮਿਲਣਗੇ ਅਤੇ ਨਵਾਬ ਸਾਹਿਬ ਤੁਹਾਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਰੱਖਣਗੇ। ਜੇ ਐਸਾ ਨਹੀਂ ਕਰੋਗੇ ਤਾਂ ਤੁਹਾਡੇ ਸਿਰ ਕੱਟ ਦਿੱਤੇ ਜਾਣਗੇ। ਪਰ ਦੋਵੇਂ ਸਾਹਿਬਜ਼ਾਦੇ ਅਡੋਲ ਰਹੇ। ਗੁਜਰੀ ਜੀ ਨੇ ਸਾਰੀ ਗੱਲ ਸਮਝਾ ਕੇ ਭੇਜਿਆ ਸੀ ਅਤੇ ਉਹਨਾਂ ਨਿਡਰ ਹੋ ਕੇ ਕਿਹਾ ਕਿ ਅਸੀਂ ਧਰਮ ਨਹੀਂ ਛੱਡ ਸਕਦੇ, ਕਿਉਂਕਿ ਉਨ੍ਹਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਚੰਗੀ ਤਰ੍ਹਾਂ ਉਨ੍ਹਾਂ ਦੀ ਦਾਦੀ ਨੇ ਦ੍ਰਿੜ ਕਰਵਾ ਦਿੱਤੀ ਸੀ ਕਿ :-

ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥

(ਗਉੜੀ ਸੁਖਮਨੀ, ਮਹਲਾ ੫, ੨੯੩)

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭ ਗਵਾਸੀ॥

(ਆਸਾ ਮਹਲਾ ੪, ੧੧)

ਫਿਰ ਦਰਬਾਰੀਆਂ ਵਿਚੋਂ ਕੁਝ ਨੇ ਸਲਾਹ ਦਿੱਤੀ ਕਿ ਇਹਨਾਂ ਦੀ ਨਿਡਰਤਾ ਨੂੰ ਪਰਖਿਆ ਜਾਵੇ ਤਾਂ ਕਿ ਪਤਾ ਲੱਗ ਸਕੇ ਕਿ ਸਿੱਖ ਵਿਚਾਰਧਾਰਾ ਕਿੰਨੀ ਕੁ ਦ੍ਰਿੜਤਾ ਲਿਆ ਸਕਦੀ ਹੈ। ਇਹਨਾਂ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਜੁਆਬ ਸੀ ਕਿ ਅਸੀਂ ਜਾ ਕੇ ਸਿੰਘਾਂ ਨੂੰ ਇਕੱਤਰ ਕਰਾਂਗੇ ਅਤੇ ਤੁਹਾਡੇ ਜ਼ੁਲਮ ਦੇ ਖਾਤਮੇ ਵਾਸਤੇ ਜੰਗ ਕਰਾਂਗੇ। ਫਿਰ ਸੁਆਲ ਕੀਤਾ ਗਿਆ, ਜੇ ਤੁਸੀਂ ਹਾਰ ਗਏ, ਫਿਰ ਕੀ ਕਰੋਗੇ? ਸਾਹਿਬਜ਼ਾਦਿਆਂ ਨੇ ਗੱਜ ਕੇ ਜੁਆਬ ਦਿੱਤਾ ਫਿਰ ਜਾ ਕੇ ਸਿੰਘਾਂ ਦੀ ਫੌਜ ਤਿਆਰ ਕਰਾਂਗੇ ਅਤੇ ਉਦੋਂ ਤੱਕ ਜੂਝਦੇ ਰਹਾਂਗੇ ਜਦ ਤੱਕ ਜ਼ੁਲਮ ਦਾ ਰਾਜ ਖਤਮ ਨਹੀਂ ਕਰ ਲੈਂਦੇ।

ਇਸ ਦਲੇਰੀ ਭਰੇ ਜੁਆਬ ਦੀ ਸਭ ਨੇ ਦਾਦ ਦਿੱਤੀ। ਗੁੱਸੇ ਵਿਚ ਆ ਕੇ ਵਜ਼ੀਰ ਖਾਂ ਨੇ ਬੱਚਿਆਂ ਨੂੰ ਸਰੀਰਿਕ ਦੁੱਖ ਦੇ ਕੇ ਮਾਰ ਮੁਕਾਉਣ ਦੀ ਯੋਜਨਾ ਬਣਾਈ ਅਤੇ ਦੀਵਾਰਾਂ ਵਿਚ ਜ਼ਿੰਦਾ ਚਿਣ ਦੇਣ ਦਾ ਹੁਕਮ ਦੇ ਦਿੱਤਾ। ਉਸ ਸਮੇਂ ਮਲੇਰਕੋਟਲੇ ਦਾ ਮੁਸਲਮਾਨ ਨਵਾਬ ਸ਼ੇਰ ਮੁਹੰਦ ਖਾਂ ਚਮਕੌਰ ਜੰਗ ਤੋਂ ਵਾਪਸ ਮਲੇਰਕੋਟਲੇ ਨੂੰ ਜਾਂਦਾ ਹੋਇਆ ਵਜ਼ੀਰ ਖਾਂ ਦੇ ਨਾਲ ਸਰਹੰਦ ਹੀ ਸੀ। ਸਾਹਿਬਜ਼ਾਦਿਆਂ ਨੂੰ ਪ੍ਰੇਰਣ ਦੀ ਸਾਰੀ ਕਾਰਵਾਈ ਉਸਦੇ ਸਾਹਮਣੇ ਹੋ ਰਹੀ ਸੀ। ਜਦੋਂ ਦੀਵਾਰ ਚਿਣ ਦੇਣ ਦਾ ਹੁਕਮ ਹੋਇਆ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਨੇ ਹਾਕਮਾਂ ਨੂੰ ਐਸੀ ਨੀਚ ਕਰਤੂਤ ਤੋਂ ਵਰਜਿਆ, ਜਦੋਂ ਕਿ ਇਸੇ ਨਵਾਬ ਦੇ ਦੋ ਭਰਾ ਨਾਹਰ ਖਾਂ ਅਤੇ ਖਿਜ਼ਰ ਖਾਂ ਚਮਕੌਰ ਦੇ ਜੰਗ ਵਿਚ ਸਿੰਘਾਂ ਹੱਥੋਂ ਮਾਰੇ ਗਏ ਸਨ। ਉਸ ਨੇ ਕਿਹਾ :-

ਵੈਰ ਗੁਰੂ ਕੇ ਸੰਗ ਤੁਮਾਰਾ, ਇਨ ਮਾਸੂਮੋਂ ਕਿਆ ਬਿਗਾੜਾ।
ਸ਼ੀਰਖੋਰ ਮਤ ਬਾਲਕ ਮਾਰੋ, ਨਾ ਹਕ ਜ਼ੁਲਮ ਕਰੋ ਨਬਾਰੋ।

ਇਸ ਸਮੇਂ ਦੀਵਾਨ ਸੁੱਚਾ ਨੰਦ ਖੱਤਰੀ ਨੇ ਸਿੱਖ ਸਤਿਗੁਰੂਆਂ ਦੀਆਂ ਹਿੰਦੂ ਕੌਮ

ਉੱਤੇ ਕੀਤੀਆਂ ਮਿਹਰਬਾਨੀਆਂ ਨੂੰ ਭੁਲਾ ਕੇ ਅਹਿਸਾਨ ਫਰਾਮੋਸ਼ੀ ਦਾ ਸਬੂਤ ਦਿੱਤਾ ਅਤੇ ਇਹ ਕਹਿ ਕੇ ਵਜ਼ੀਰ ਖਾਂ ਨੂੰ ਭੜਕਾਇਆ ਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ, ਇਹਨਾਂ ਨੂੰ ਮਾਰ ਦੇਣਾ ਹੀ ਨੀਤੀ ਹੈ। ਨਵਾਬ ਸ਼ੇਰ ਮੁਹੰਮਦ ਖਾਂ ਦੀ ਨੇਕ ਸਲਾਹ ਤੇ ਵਜ਼ੀਰ ਖਾਂ ਦਾ ਦਿਲ ਬਦਲ ਗਿਆ ਸੀ, ਪਰ ਦੁਸ਼ਟ ਸੁੱਚਾ ਨੰਦ (ਸਿੱਖ ਇਤਿਹਾਸ ਨੇ ਇਸ ਨੂੰ ਝੂਠਾ ਨੰਦ ਕਰਕੇ ਲਿਖਿਆ ਹੈ) ਦੇ ਉਕਸਾਉਣ ਉੱਤੇ ਦੁਬਾਰਾ ਹੁਕਮਾਂ ਉੱਤੇ ਤਾਮੀਲ ਕਰਨ ਲਈ ਹੁਕਮ ਦਿੱਤਾ। ਐਸੀ ਨੀਚ ਕਰਤੂਤ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ ਕਿ 7 ਸਾਲ ਅਤੇ 9 ਸਾਲ ਦੇ ਬੱਚਿਆਂ ਪਾਸੋਂ ਬਦਲਾ ਲਿਆ ਜਾਵੇ। ਪਹਿਲੇ ਦੀਵਾਰਾਂ ਵਿਚ ਚਿਣ ਕੇ ਤਕਲੀਫ ਦਿੱਤੀ ਗਈ, ਤਾਂ ਕਿ ਸ਼ਾਇਦ ਬੱਚੇ ਡੋਲ ਜਾਣ, ਪਰ ਦੀਵਾਰ ਦੇ ਉੱਪਰ ਹੁੰਦੇ ਹੀ ਬੱਚੇ ਬੇਹੋਸ਼ ਹੋ ਗਏ ਅਤੇ ਨਵੀਂ ਉਸਾਰੀ ਕੰਧ ਡਿੱਗ ਪਈ, ਫਿਰ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੂੰ ਹੁਕਮ ਦੇ ਕੇ ਦੋਹਾਂ ਸਾਹਿਬਜ਼ਾਦਿਆਂ ਨੂੰ 26 ਦਸੰਬਰ, ਸੰਨ 1705 ਵਾਲੇ ਦਿਨ ਭਰੇ ਦਰਬਾਰ ਵਿਚ ਕਤਲ ਕਰਵਾ ਦਿੱਤਾ ਗਿਆ। ਵੱਡੇ ਵੱਡੇ ਜਾਬਰਾਂ ਦੇ ਦਿਲ ਵੀ ਪੰਘਰ ਗਏ, ਪਰ ਨਮਕ ਹਰਾਮ ਗੰਗਾ ਰਾਮ ਅਤੇ ਦੁਸ਼ਟ ਸੁੱਚਾ ਨੰਦ ਆਪਣੀ ਕਮੀਨੀ ਹਰਕਤ ਉੱਤੇ ਨਾ ਪਛਤਾਏ।

ਇਥੇ ਇਹ ਲਿਖਣਯੋਗ ਰਹੇਗਾ ਕਿ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਜਦ ਮਾਤਾ ਗੁਜਰੀ ਜੀ ਨੂੰ ਇਹ ਖਬਰ ਪਹੁੰਚਾਈ ਗਈ ਤਾਂ ਉਹ ਗੱਸ਼ ਖਾ ਕੇ ਡਿੱਗ ਪਏ ਤੇ ਗੁਰਪੁਰੀ ਸਿਧਾਰ ਗਏ। ਪਰ ਜਦੋਂ ਮਾਤਾ ਗੁਜਰੀ ਜੀ ਦੇ ਜੀਵਨ ਤੇ ਗਹੁ ਨਾਲ ਝਾਤ ਮਾਰਦੇ ਹਾਂ ਤਾਂ ਇਹ ਠੀਕ ਨਹੀਂ ਜਾਪਦਾ। ਮਾਤਾ ਜੀ ਨੇ ਜਦੋਂ ਆਪਣੇ ਪਤੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦੇਖਿਆ ਤਾਂ ਅਡੋਲ ਰਹਿੰਦਿਆਂ ਫੁਰਮਾਇਆ, ਕਿ "ਤੁਹਾਡੀ ਨਿਭ ਗਈ ਮੇਰੀ ਵੀ ਨਿਭ ਆਏ?" ਮਾਤਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਜੰਗ ਵਿਚ ਪੂਰਾ ਸਹਿਯੋਗ ਦਿੱਤਾ, ਖਾਸ ਕਰਕੇ ਭੰਗਾਣੀ ਦੇ ਯੁੱਧ ਵਿਚ ਜੋ ਅਗਵਾਈ ਤੇ ਹੱਲਾਸ਼ੇਰੀ ਮਾਤਾ ਜੀ ਨੇ ਦਿੱਤੀ, ਉਸਦੀ ਤਾਂ ਇਤਿਹਾਸ ਖਾਸ ਤੌਰ ਤੇ ਗਵਾਹੀ ਦਿੰਦਾ ਹੈ। ਫਿਰ ਮਾਤਾ ਜੀ ਆਪ ਸਾਹਿਬਜ਼ਾਦਿਆਂ ਨੂੰ ਗੁਰਮਤਿ ਦ੍ਰਿੜ ਕਰਵਾ ਕੇ ਨਵਾਬ ਕੋਲ ਭੇਜਦੇ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਐਸੀ ਮਹਾਨ ਪਵਿੱਤਰ ਆਤਮਾ ਗਸ਼ ਖਾ ਕੇ ਗੁਰਪੁਰੀ ਸਿਧਾਰ ਗਏ ਹੋਣ। ਸੰਭਵ ਤਾਂ ਇਹ ਹੈ ਕਿ ਸਰਕਾਰੀ ਕਰਮਚਾਰੀਆਂ ਨੇ ਉਹਨਾਂ ਨੂੰ ਬੁਰਜ ਤੋਂ ਥੱਲੇ ਸੁੱਟ ਕੇ ਸ਼ਹੀਦ ਕੀਤਾ ਹੋਵੇ, ਇਸ ਤਰ੍ਹਾਂ ਦੀ ਸਜ਼ਾ ਉਸ ਸਮੇਂ ਆਮ ਦਿੱਤੀ ਜਾਂਦੀ ਸੀ। ਦਿੱਲੀ ਵਿਚ ਵੀ ਦਿੱਲੀ ਗੇਟ ਦੇ ਲਾਗੇ ਇਕ ਦਰਵਾਜ਼ਾ ਹੈ ਜਿਥੇ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਜਾਂਦੀ ਸੀ। ਇਹਨਾਂ ਤਿੰਨਾਂ ਸਰੀਰਾਂ ਦਾ ਸੰਸਕਾਰ ਇਕ ਸ਼ਰਧਾਲੂ ਸਿੱਖ ਟੋਡਰ ਮੱਲ ਜੀ ਨੇ ਕੀਤਾ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਸਰੀਰ ਸ਼ਹੀਦੀ ਅਸਥਾਨ (ਫਤਹਿਗੜ੍ਹ) ਤੋਂ ਲਿਆ ਕੇ ਸਿੱਖਾਂ ਜਿਥੇ ਰਾਤ ਰੱਖੇ ਸਨ, ਉੱਥੇ ਗੁਰਦੁਆਰਾ ਜੋਤੀ ਸਰੂਪ ਹੈ। ਇਸ ਸਾਕੇ ਦੀ ਖਬਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੀਨੇ ਪਿੰਡ (ਬਠਿੰਡਾ) ਵਿਖੇ ਮਿਲੀ।

-0-

5. ਭਾਈ ਡੱਲ ਸਿੰਘ ਜੀ

ਮੁਕਤਸਰ ਦੀ ਜੰਗ ਦੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਗਏ। ਇਕ ਬਹੁਤ ਵੱਡੇ ਜਗੀਰਦਾਰ ਚੌਧਰੀ ਡੱਲੇ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ। ਭਾਈ ਡੱਲਾ ਗੁਰੂ ਸਾਹਿਬ ਦੇ ਦੀਵਾਨ ਵਿਚ ਰੋਜ਼ ਹਾਜ਼ਰੀ ਭਰਦਾ ਸੀ। ਅਨੰਦਪੁਰ ਦਾ ਕਿਲ੍ਹਾ ਛੱਡਣ ਪਿੱਛੋਂ ਜੋ ਜੋ ਘਟਨਾਵਾਂ ਗੁਰੂ ਸਾਹਿਬ ਨਾਲ ਵਾਪਰੀਆਂ, ਉਹਨਾਂ ਦਾ ਸਾਰਾ ਵਿਸਥਾਰ ਚੌਧਰੀ ਡੱਲੇ ਨੇ ਸੁਣਿਆ। ਉਹ ਗੁਰੂ ਜੀ ਕੋਲ ਅਫਸੋਸ ਕਰਦਾ ਹੋਇਆ ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੇਰੇ ਕੋਲ ਇੰਨੇ ਵੱਡੇ ਤਾਕਤਵਰ ਯੋਧੇ ਨੌਜਵਾਨ ਹਨ, ਜੇ ਤੁਸੀਂ ਮੈਨੂੰ ਉਸ ਵੇਲੇ ਯਾਦ ਕਰਦੇ ਤਾਂ ਮੇਰੇ ਯੋਧੇ ਮੁਗਲਾਂ ਦਾ ਮੂੰਹ ਭੰਨ ਦਿੰਦੇ। ਸਾਰੇ ਨੁਕਸਾਨ ਬਚ ਜਾਣੇ ਸਨ। ਨਾ ਅਨੰਦਪੁਰ ਬਰਬਾਦ ਹੁੰਦਾ, ਤੇ ਨਾ ਹੀ ਸਾਹਿਬਜ਼ਾਦੇ ਸ਼ਹੀਦ ਹੁੰਦੇ। ਆਪ ਨੂੰ ਵੀ ਇਤਨੇ ਕਸ਼ਟ ਨਾ ਸਹਿਣੇ ਪੈਂਦੇ।"

ਗੁਰੂ ਜੀ ਨੇ ਦੇਖਿਆ ਕਿ ਚੌਧਰੀ ਡੱਲੇ ਨੂੰ ਆਪਣੇ ਜੁਆਨਾਂ ਦਾ ਹੰਕਾਰ ਹੋ ਗਿਆ ਹੈ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਅਨੰਦਪੁਰ ਦੀ ਜੰਗ ਵਿਚ ਗੁਰੂ ਕੇ ਸਿੰਘ ਜਾਨਾਂ ਤੋੜ ਕੇ ਲੜੇ ਸਨ। ਕਿਸੇ ਨੇ ਪਿਛੇ ਪੈਰ ਨਹੀਂ ਧਰਿਆ। ਮੈਨੂੰ ਮਾਣ ਹੈ ਐਸੇ ਗੁਰੂ-ਭੌਰਿਆਂ ਤੇ ਜੋ ਜੰਗਾਂ ਵਿਚ ਜੂਝਦੇ ਧਰਮ ਦੀ ਖਾਤਰ ਸ਼ਹੀਦੀਆਂ ਪਾ ਗਏ।

ਇਹਨੀਂ ਦਿਨੀਂ ਇਕ ਸਿੰਘ ਨਵੀਂ ਬੰਦੂਕ ਲੈ ਕੇ ਹਾਜ਼ਰ ਹੋਇਆ। ਉਸ ਨੇ ਸਤਿਗੁਰੂ ਜੀ ਨੂੰ ਬੰਦੂਕ ਦੇ ਕਈ ਗੁਣ ਦੱਸੇ ਤੇ ਕਿਹਾ ਕਿ ਇਹ ਬਹੁਤ ਦੂਰ ਤੱਕ ਮਾਰ ਕਰਦੀ ਹੈ। ਭਾਈ ਡੱਲੇ ਦਾ ਭਰਮ ਦੂਰ ਕਰਨ ਲਈ ਸਤਿਗੁਰੂ ਜੀ ਨੇ ਆਖਿਆ, "ਡੱਲਿਆ! ਲਿਆ ਕੋਈ ਆਪਣਾ ਜੁਆਨ, ਅਸੀਂ ਨਿਸ਼ਾਨਾ ਪਰਖਣਾ ਹੈ।" ਚੌਧਰੀ ਡੱਲਾ ਤੇ ਉਸਦੇ ਜੁਆਨ ਇਹ ਸੁਣ ਕੇ ਬਹੁਤ ਹੈਰਾਨ ਹੋਏ। ਡੱਲੇ ਨੇ ਜੁਆਨਾਂ ਵੱਲ ਤੱਕਿਆ, ਪਰ ਸਭ ਨੇ ਸਿਰ ਫੇਰ ਦਿੱਤਾ। ਭਾਈ ਡੱਲਾ ਕਹਿਣ ਲੱਗਾ, "ਹਜ਼ੂਰ! ਕਿਸੇ ਜਾਨਵਰ ਦਾ ਸ਼ਿਕਾਰ ਕਰ ਕੇ ਇਹ ਬੰਦੂਕ ਪਰਖੀ ਜਾ ਸਕਦੀ ਹੈ, ਐਂਵੇ ਬੰਦਾ ਕਿਉਂ ਮਾਰਦੇ ਹੋ?"

ਸਤਿਗੁਰੂ ਜੀ ਨੇ ਕਿਹਾ ਕਿ ਇਸ ਬੰਦੂਕ ਦੀ ਪਰਖ ਕਿਸੇ ਸੂਰਮੇ ਦੇ ਉੱਤੇ ਹੀ ਹੋ ਸਕਦੀ ਹੈ। ਜਦੋਂ ਡੱਲੇ ਦਾ ਕੋਈ ਜੁਆਨ ਅੱਗੇ ਨਾ ਆਇਆ ਤਾਂ ਗੁਰੂ ਜੀ ਨੇ ਹੁਕਮ ਕੀਤਾ ਗੁਰੂ ਦੇ ਸਿੱਖਾਂ ਨੂੰ ਮੇਰਾ ਇਹ ਹੁਕਮ ਸੁਣਾਉ। ਹੁਕਮ ਸੁਣਾਉਣ ਦੀ ਦੇਰ ਹੀ ਸੀ ਕਿ ਦੋ ਪਿਉ-ਪੁੱਤਰ ਭਾਈ ਬੀਰ ਸਿੰਘ ਤੇ ਭਾਈ ਧੀਰ ਸਿੰਘ, ਜੋ ਥੋੜ੍ਹੀ ਦੂਰ ਤੇ ਦਸਤਾਰਾਂ ਸਜਾ ਰਹੇ ਸਨ, ਨੱਠੇ ਆਏ। ਦਸਤਾਰਾਂ ਉਨ੍ਹਾਂ ਦੇ ਹੱਥਾਂ ਵਿਚ ਹੀ ਫੜੀਆਂ ਹੋਈਆਂ ਸਨ। ਉਸੇ ਹਾਲਤ ਵਿਚ ਹੀ ਉਹ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਏ। ਇਕ ਕਹੇ, "ਜੀ ਮੈਂ ਨੇੜੇ ਸਾਂ, ਪਹਿਲਾਂ ਮੈਂ ਆਪ ਜੀ ਦਾ ਹੁਕਮ ਸੁਣਿਆ ਹੈ।" ਦੂਜਾ ਕਹੇ, "ਜੀ ਮੈਂ ਪਹਿਲਾਂ ਦੌੜਿਆ ਹਾਂ, ਇਸ ਲਈ ਮੈਂ ਅੱਗੇ ਖੜੋਣਾ ਹੈ।" ਗੁਰੂ ਜੀ ਨੇ ਦੋਹਾਂ ਨੂੰ ਅੱਗੇ ਪਿੱਛੇ ਖੜ੍ਹੇ ਹੋ ਜਾਣ ਲਈ ਹੁਕਮ ਕੀਤਾ। ਜਦੋਂ ਗੁਰੂ ਜੀ ਬੰਦੂਕ ਉੱਚੀ ਕਰਦੇ ਤਾਂ ਸਿੰਘ ਅੱਡੀਆਂ ਚੁੱਕ ਲੈਂਦੇ। ਜੇ ਬੰਦੂਕ ਨੀਵੀਂ ਕਰਦੇ ਤਾਂ ਸਿੰਘ ਗੋਡੇ ਨੀਂਵੇ ਕਰ ਖੜ੍ਹੇ ਹੋ ਜਾਂਦੇ ਤਾਂ ਜੋ ਬੰਦੂਕ ਦਾ

ਨਿਸ਼ਾਨਾ ਖਾਲੀ ਨਾ ਜਾਏ। ਡੱਲਾ ਇਹ ਸਭ ਕੁਝ ਵੇਖ ਹੈਰਾਨ ਹੁੰਦਾ ਰਿਹਾ। ਅੰਤ ਗੁਰੂ ਜੀ ਨੇ ਦੋਹਾਂ ਸਿੰਘਾਂ ਦੇ ਸਿਰ ਉਪਰੋਂ ਹੀ ਗੋਲੀ ਲੰਘਾ ਦਿੱਤੀ।। ਦੋਵੇਂ ਸੂਰਮੇ ਅਡੋਲ ਖੜ੍ਹੇ ਰਹੇ। ਗੁਰੂ ਸਾਹਿਬ ਨੇ ਸਿੰਘਾਂ ਨੂੰ ਕਿਹਾ, ''ਤੁਸੀਂ ਦੋਵੇਂ ਇਮਤਿਹਾਨ ਵਿਚੋਂ ਪਾਸ ਹੋਏ ਹੋ। ਜਾਓ ਪ੍ਰੇਮੀਓ! ਬੱਸ ਇੰਨਾ ਹੀ ਕੰਮ ਸੀ।''

ਹੁਣ ਭਾਈ ਡੱਲੇ ਦਾ ਆਪਣੇ ਸੂਰਬੀਰਾਂ ਵਾਲਾ ਹੰਕਾਰ ਟੁੱਟ ਗਿਆ ਸੀ। ਉਹ ਸ਼ਰਮਿੰਦਾ ਹੋਣ ਕਰਕੇ ਚੁੱਪ ਸੀ। ਗੁਰੂ ਜੀ ਨੇ ਕਿਹਾ, ''ਡੱਲਿਆ ਦਲੇਰੀ ਤੇ ਬਹਾਦਰੀ ਦਾ ਸਿਰਫ ਡੌਲਿਆਂ ਦੇ ਬਲ ਨਾਲ ਹੀ ਸੰਬੰਧ ਨਹੀਂ ਹੁੰਦਾ। ਤੇਰੇ ਜੁਆਨ ਸੋਹਣੀ ਡੀਲ ਡੌਲ ਵਾਲੇ, ਤੇ ਬਲਵਾਨ ਹਨ। ਚੰਗੇ ਲੜਾਕੇ ਵੀ ਹੋਣਗੇ, ਪਰ ਜੇਕਰ ਅੰਦਰ ਨਿਰਭੈਅਤਾ ਅਤੇ ਜਿੱਤ ਪ੍ਰਾਪਤ ਕਰਨ ਦਾ ਪੱਕਾ ਇਰਾਦਾ ਹੋਵੇ, ਸਵੈ ਵਿਸ਼ਵਾਸ਼ ਹੋਵੇ ਤਾਂ ਹੀ ਯੋਧੇ ਕੁਝ ਕਰਕੇ ਵਿਖਾਉਂਦੇ ਹਨ। ਐਸਾ ਦ੍ਰਿੜ ਵਿਸ਼ਵਾਸ਼ ਪੈਦਾ ਹੁੰਦਾ ਹੈ ਗੁਰੂ ਦੇ ਉਪਦੇਸ਼ਾਂ ਤੋਂ। ਗੁਰੂ ਨਾਲ ਸਾਂਝ ਪਾਉਣ ਤੋਂ। ਗੁਰੂ ਨਾਲ ਸਾਂਝ ਪੈਦਾ ਹੁੰਦੀ ਹੈ, ਅੰਮ੍ਰਿਤ ਛੱਕ ਕੇ।''

ਭਾਈ ਡੱਲਾ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਉਸਦਾ ਸਾਰਾ ਮਾਣ ਹੰਕਾਰ ਦੂਰ ਹੋ ਗਿਆ। ਉਹ ਬੋਲ ਉਠਿਆ,

''ਗੁਰੂ ਜੀ! ਤੁਸੀਂ ਧੰਨ ਹੋ! ਤੇ ਧੰਨ ਹਨ ਤੁਹਾਡੇ ਸਿੰਘ, ਜੋ ਸਹੀ ਅਰਥਾਂ ਵਿਚ ਸੱਚੇ ਸੂਰਬੀਰ ਹਨ। ਗੁਰੂ ਜੀ ਭਾਈ ਡੱਲੇ ਦੀ ਸੇਵਾ ਤੇ ਬਹੁਤ ਪ੍ਰਸੰਨ ਸਨ। ਇਕ ਦਿਨ ਗੁਰੂ ਸਾਹਿਬ ਨੇ ਭਾਈ ਡੱਲੇ ਨੂੰ ਕਿਹਾ,

ਗੁਰੂ ਪਾਤਸ਼ਾਹ : ਮੰਗ, ਜੋ ਤੂੰ ਚਾਹੁੰਦਾ ਹੈ।

ਭਾਈ ਡੱਲਾ : ਪਾਤਸ਼ਾਹ ਸਭ ਕੁਝ ਆਪਦੀ ਕਿਰਪਾ ਸਦਕਾ ਹੈ। ਜੇ ਤੁਠੇ ਹੋ ਤਾਂ ਆਪਣੇ ਚਰਨਾਂ ਵਿਚ ਪੀੜ੍ਹੀ ਜਿੰਨੀ ਥਾਂ ਬਖਸ਼ੋ।

ਗੁਰੂ ਪਾਤਸ਼ਾਹ : ਡੱਲਿਆ! ਤੂੰ ਸਾਡੀ ਸੇਵਾ ਕਰਨ ਵਿਚ ਧਨ ਦੌਲਤ ਲਾਈ ਹੈ ਅਤੇ ਸਰਦਾਰੀ ਨੂੰ ਖਤਰੇ ਵਿਚ ਪਾਇਆਂ ਹੈ। ਇਸ ਬਦਲੇ ਦੁਨਿਆਵੀ ਪਦਾਰਥ ਹੀ ਮਿਲ ਸਕਦੇ ਹਨ।

ਭਾਈ ਡੱਲਾ : ਪਾਤਸ਼ਾਹ! ਦੁਨਿਆਵੀ ਪਦਾਰਥ ਨਹੀਂ ਚਾਹੀਦੇ।

ਗੁਰੂ ਪਾਤਸ਼ਾਹ : ਗੁਰੂ ਨਾਲ ਨੇੜਤਾ ਤਾਂ ਪ੍ਰੇਮ ਦਾ ਸੌਦਾ ਹੈ। ਪ੍ਰੇਮ ਪੈਸਿਆਂ ਨਾਲ ਨਹੀਂ ਮਿਲਦਾ। ਇੱਥੇ ਆਪਾ ਵਾਰਨਾ ਪੈਂਦਾ ਹੈ।

ਭਾਈ ਡੱਲਾ : ਸੱਚੇ ਪਿਤਾ! ਤਾਂ ਉਹ ਕਿਵੇਂ ਕਰੀਏ?

ਗੁਰੂ ਪਾਤਸ਼ਾਹ : ਗੁਰੂ ਖਾਲਸੇ ਨਾਲ ਜੋ ਪ੍ਰਣ ਸਿੰਘਾਂ ਨੇ ਕੀਤਾ ਹੈ, ਮੈਂ ਭੀ ਕੀਤਾ ਹੈ, ਉਹੋ ਕਰਨਾ ਪਵੇਗਾ। ਸੋ ਅੰਮ੍ਰਿਤ ਛਕੋ, ਇਸ ਨਾਲ ਗੁਰੂ ਘਰ ਥਾਂ ਵਿਚ ਸਦਾ ਲਈ ਮਿਲ ਜਾਵੇਗੀ।

ਭਾਈ ਡੱਲੇ ਨੇ ਸਾਰੇ ਪਰਿਵਾਰ ਅਤੇ ਸੂਰਬੀਰਾਂ ਸਮੇਤ ਅੰਮ੍ਰਿਤ ਛਕਿਆ ਤੇ ਇਸ ਤਰ੍ਹਾਂ ਚੌਧਰੀ ਡੱਲ ਸਿੰਘ ਸਜ ਗਿਆ। ਅੰਮ੍ਰਿਤ ਛੱਕ ਕੇ ਉਸ ਅੰਦਰ ਐਸੀ ਚੜ੍ਹਦੀ ਕਲਾ ਆਈ ਕਿ ਜਦੋਂ ਸਰਹੰਦ ਦੇ ਨਵਾਬ ਵਜ਼ੀਰ ਖਾਂ ਨੇ ਉਸਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ

ਉਸਦੇ ਹਵਾਲੇ ਕਰ ਦੇਵੇ, ਨਹੀਂ ਤਾਂ ਉਸਦੀ ਖੈਰ ਨਹੀਂ ਤਾਂ ਉਸ ਸਮੇਂ ਭਾਈ ਡੱਲ ਸਿੰਘ ਨੇ ਉੱਤਰ ਭੇਜਿਆ ਕਿ ਜਿਵੇਂ ਤੁਸੀਂ ਆਪਣੇ ਪੀਰਾਂ ਦੀ ਇੱਜ਼ਤ ਕਰਦੇ ਹੋ, ਸਾਡੇ ਵੀ ਇਹ ਪੀਰ ਹਨ, ਹਵਾਲੇ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਜੇ ਤੇਰੀ ਹਿੰਮਤ ਹੈ ਤਾਂ ਹਮਲਾ ਕਰ ਵੇਖ ਲੈ। ਮੁਕਤਸਰ ਦੀ ਜੰਗ 'ਚੋਂ ਨਵਾਬ ਸਰਹੰਦ ਪਹਿਲਾਂ ਹੀ ਮਾਰ ਖਾ ਚੁੱਕਾ ਸੀ, ਇਸ ਲਈ ਉਸ ਦਾ ਹੀਆ ਹੀ ਨਾ ਪਿਆ ਕਿ ਉਹ ਸਾਬੋ ਕੀ ਤਲਵੰਡੀ ਤੇ ਹਮਲਾ ਕਰੇ।

ਸਿੰਘ ਸਜਣ ਤੇ ਗੁਰੂ ਦੀ ਸੰਗਤ ਕਰਨ ਦੀ ਬਰਕਤ ਹੀ ਸੀ, ਜਿਸ ਨੇ ਉਸਦੇ ਅੰਦਰੋਂ ਸਾਰਾ ਡਰ ਦੂਰ ਕਰਕੇ ਇਤਨੀ ਦ੍ਰਿੜ੍ਹਤਾ ਭਰ ਦਿੱਤੀ ਸੀ।

-0-

6. ਮਹਾਰਾਜਾ ਰਣਜੀਤ ਸਿੰਘ

ਗਿਆਰਾਂ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਦੇ ਖ਼ੂਨੀ ਪੰਜਿਆਂ ਦਾ ਵਾਰ ਵਾਰ ਸ਼ਿਕਾਰ ਹੋ ਰਹੇ ਭਾਰਤ ਨੂੰ ''ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ'' ਵਾਲੀ ਹੀਣੀ ਹਾਲਤ ਵਿਚੋਂ ਕੱਢ ਕੇ ਇੱਥੇ ਹਿੰਦੂ, ਸਿੱਖ, ਮੁਸਲਮਾਨ ਸਭ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕਰਨ ਵਾਲੇ ਮਹਾਂ ਬਲੀ, ਦਾਨੀ ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚਕੀਆ ਅਤੇ ਮਾਤਾ ਰਾਜ ਕੌਰ ਦੇ ਘਰ ਗੁਜਰਾਂਵਾਲੇ (ਪਾਕਿਸਤਾਨ) ਵਿਖੇ ਹੋਇਆ।

ਸ. ਮਹਾਂ ਸਿੰਘ ਦੇ ਪੜਦਾਦੇ ਬੁੱਢਾ ਸਿੰਘ ਨੇ ਆਪਣੀ ਸੂਰਬੀਰਤਾ ਅਤੇ ਯੋਗਤਾ ਨਾਲ ਸ਼ੁਕਰਚਕੀਆ ਮਿਸਲ ਕਾਇਮ ਕੀਤੀ। ਇਨ੍ਹਾਂ ਦੇ ਪੁੱਤਰ ਨੌਧ ਸਿੰਘ ਨੇ ਨਵਾਬ ਕਪੂਰ ਸਿੰਘ ਨਾਲ ਮਿਲ ਕੇ ਕਈ ਵਾਰ ਆਪਣੀ ਸੂਰਬੀਰਤਾ ਨਾਲ ਅਹਿਮਦ ਸ਼ਾਹ ਅਬਦਾਲੀ ਦੇ ਦੰਦ ਖੱਟੇ ਕੀਤੇ। ਬਾਬਾ ਨੌਧ ਸਿੰਘ ਦੇ 1752 ਵਿਚ ਸ਼ਹੀਦ ਹੋਣ ਉਪਰੰਤ ਇਨ੍ਹਾਂ ਦਾ ਇਕਲੌਤਾ ਪੁੱਤਰ ਚੜ੍ਹਤ ਸਿੰਘ ਸ਼ੁਕਰਚਕੀਆ ਮਿਸਲ ਦਾ ਮੁਖੀ ਬਣਿਆ। ਇਨ੍ਹਾਂ ਨੇ ਖਾਲਸਾ ਮੁਖੀਆ ਨਾਲ ਮਿਲ ਕੇ ਕਈ ਮੁਹਿੰਮਾਂ ਵਿਚ ਹਿੱਸਾ ਲਿਆ ਅਤੇ ਛੋਟੇ ਅਤੇ ਵੱਡੇ ਘੱਲੂਘਾਰੇ ਸਮੇਂ ਕਮਾਲ ਦੀ ਸਿਆਣਪ ਅਤੇ ਸੂਰਬੀਰਤਾ ਨਾਲ ਖਾਲਸੇ ਦੀ ਅਗਵਾਈ ਕੀਤੀ। 1774 ਵਿਚ ਸ. ਚੜ੍ਹਤ ਸਿੰਘ ਦਾ ਬੰਦੂਕ ਦੀ ਨਾਲੀ ਫਟਣ ਨਾਲ ਦਿਹਾਂਤ ਹੋ ਗਿਆ ਤਾਂ ਇਨ੍ਹਾਂ ਦੇ 14 ਸਾਲਾਂ ਦੇ ਇਕਲੌਤੇ ਪੁੱਤਰ ਮਹਾਂ ਸਿੰਘ ਨੇ ਮਿਸਲ ਦੀ ਸਰਦਾਰੀ ਨੂੰ ਆਪਣੀ ਭਰਪੂਰ ਯੋਗਤਾ ਅਤੇ ਦਲੇਰੀ ਨਾਲ ਸੰਭਾਲੀ ਰੱਖਿਆ। ਆਪਣੇ ਘਰ ਵਿਚ ਬੱਚੇ ਦੇ ਜਨਮ ਦੀ ਖਬਰ ਸ. ਮਹਾਂ ਸਿੰਘ ਨੂੰ ਉਸ ਸਮੇਂ ਮਿਲੀ ਜਦੋਂ ਉਹ ਇਕ ਜੰਗ ਜਿੱਤ ਕੇ ਵਾਪਸ ਆ ਰਹੇ ਸਨ ਤੇ ਬੱਚੇ ਦਾ ਨਾਂ ਰਣਜੀਤ ਸਿੰਘ ਰੱਖ ਦਿੱਤਾ। ਬਚਪਨ ਦੇ ਵਿਚ ਹੀ ਰਣਜੀਤ ਸਿੰਘ ਦੀ ਇਕ ਅੱਖ ਚੇਚਕ ਦੀ ਬਿਮਾਰੀ ਕਾਰਨ ਮਾਰੀ ਗਈ। ਸਰਦਾਰ ਮਹਾਂ ਸਿੰਘ ਦੇ ਇਕਲੌਤੇ ਪੁੱਤਰ ਨੂੰ ਧਾਰਮਿਕ ਵਿਦਿਆ ਦੇ ਨਾਲ ਨਾਲ ਉੱਚ ਪੱਧਰੀ ਸ਼ਸਤਰ ਵਿਦਿਆ ਵੀ ਦਿਵਾਈ ਅਤੇ ਘੋੜ ਸਵਾਰੀ ਦਾ ਚੰਗਾ ਮਾਹਿਰ ਬਣਾਇਆ। ਛੋਟੀ ਉਮਰ ਤੋਂ ਹੀ ਪਿਤਾ ਨਾਲ ਜੰਗਾਂ ਵਿਚ ਜਾਣ ਕਰਕੇ ਚੰਗੇ ਸੂਰਬੀਰ

ਯੋਧੇ ਵਜੋਂ ਆਪ ਦੀ ਸ਼ਖਸੀਅਤ ਘੜੀ ਗਈ। ਪਿਤਾ ਦਾ ਦੇਹਾਂਤ ਹੋਣ ਤੇ 12 ਸਾਲ ਦੀ ਉਮਰੇ ਸ਼ੁਕਰਚਕੀਆ ਮਿਸਲ ਦੇ ਸਰਦਾਰ ਬਣੇ ਅਤੇ 18 ਸਾਲ ਦੀ ਉਮਰੇ ਮਾਤਾ ਦੇ ਗੁਰਪੁਰੀ ਸਿਧਾਰ ਜਾਣ ਤੋਂ ਬਾਅਦ ਰਾਜ ਦਾ ਸਾਰਾ ਕੰਮ ਆਪਣੇ ਹੱਥ ਲੈ ਲਿਆ। ਮਗਰੋਂ ਆਪਣੀ ਸੱਸ, ਕਨ੍ਹਈਆ ਮਿਸਲ ਦੀ ਸਰਦਾਰਨੀ ਰਾਣੀ ਸਦਾ ਕੌਰ ਦੀ ਸਲਾਹ ਅਤੇ ਮਦਦ ਨਾਲ ਰਣਜੀਤ ਸਿੰਘ ਨੇ ਪੂਰੇ ਪੰਜਾਬ ਤੇ ਰਾਜ ਕਾਇਮ ਕੀਤਾ। ਆਪ ਜੀ ਦੇ ਘਰ ਕੰਵਰ ਖੜਕ ਸਿੰਘ, ਕੰਵਰ ਸ਼ੇਰ ਸਿੰਘ, ਕੰਵਰ ਤਾਰਾ ਸਿੰਘ, ਕੰਵਰ ਮੁਲਤਾਨਾ ਸਿੰਗ, ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੋਰਾ ਸਿੰਘ ਅਤੇ ਕੰਵਰ ਦਲੀਪ ਸਿੰਘ ਨਾਂ ਦੇ ਪੁੱਤਰਾਂ ਨੇ ਜਨਮ ਲਿਆ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ 90 ਸਾਲ ਦੀ ਜਦੋ-ਜਹਿਦ ਦੌਰਾਨ ਖਾਲਸੇ ਨੇ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਕਬਜ਼ਾ ਕਰ ਲਿਆ, ਪਰ ਇਹ ਸਾਰਾ ਰਾਜ ਛੋਟੇ ਛੋਟੇ ਰਜਵਾੜਿਆਂ ਵਿਚ ਵੰਡਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਦਿਲੀ ਖਾਹਿਸ਼ ਸੀ ਕਿ ਸਾਰੇ ਖਾਲਸਾ ਰਾਜ ਨੂੰ ਇਕ ਮੁੱਠ ਕਰ ਦਿੱਤਾ ਜਾਵੇ। ਸਾਂਝੇ ਖਾਲਸਾ ਰਾਜ ਦੇ ਦ੍ਰਿੜ ਇਰਾਦੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਭ ਤੋਂ ਪਹਿਲਾਂ ਰਣਜੀਤ ਸਿੰਘ ਨੇ ਲਾਹੌਰ ਸ਼ਾਹਿਰ ਉਤੇ ਉਥੋਂ ਦੀ ਪਰਜਾ ਦੀ ਸਹਾਇਤਾ ਨਾਲ ਹੀ ਕਬਜ਼ਾ ਕਰ ਲਿਆ। ਇਸ ਮੁਹਿੰਮ ਵਿਚ ਰਾਣੀ ਸਦਾ ਕੌਰ ਨੇ ਉਸ ਨੂੰ ਭਰਪੂਰ ਅਗਵਾਈ ਦਿੱਤੀ। ਫਿਰ ਲੜੀਵਾਰ ਜੰਮੂ ਅਤੇ ਕਸੂਰ ਨੂੰ ਵੀ ਆਪਣੇ ਕਬਜ਼ੇ ਹੇਠ ਕਰਕੇ ਮਹਾਰਾਜੇ ਨੇ ਸਾਂਝਾ ਪੰਜਾਬੀ ਰਾਜ ਕਾਇਮ ਕਰ ਦਿੱਤਾ। ਫਿਰ ਹੌਲੀ ਹੌਲੀ ਕਿਸੇ ਰਾਜੇ ਦੀ ਮਦਦ ਨਾਲ ਕਿਸੇ ਨੂੰ ਹਰਾ ਕੇ ਕਾਂਗੜਾ ਹੋਰ ਪਹਾੜੀ ਇਲਾਕੇ ਅਤੇ ਸਤਲੁਜੋਂ ਉਰੇ ਦਾ ਇਲਾਕਾ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ। ਸਤਲੁਜੋਂ ਪਾਰ ਦੇ ਸਿੱਖ ਰਾਜੇ ਮਹਾਰਾਜੇ ਦੇ ਵਧਦੇ ਪ੍ਰਤਾਪ ਨੂੰ ਵੇਖ ਕੇ ਡਰ ਗਏ ਅਤੇ ਉਨ੍ਹਾਂ ਬਜਾਏ ਮਹਾਰਾਜੇ ਦੇ ਨਾਲ ਰਲਣ ਦੇ ਅੰਗਰੇਜ਼ਾਂ ਤੋਂ ਉਸਦੇ ਵਿਰੁੱਧ ਸਹਾਇਤਾ ਮੰਗੀ। ਅੰਗਰੇਜ਼ ਮਹਾਰਾਜੇ ਨਾਲ ਵਿਗਾੜਨਾ ਨਹੀਂ ਸਨ ਚਾਹੁੰਦੇ। ਸੋ ਅੰਗਰੇਜ਼ਾਂ ਨੇ ਆਪਣੇ ਦੂਤ ਮੈਟਕਾਫ ਰਾਹੀਂ 25 ਅਪ੍ਰੈਲ 1809 ਨੂੰ ਮਹਾਰਾਜੇ ਨਾਲ ਸੰਧੀ ਕਰ ਲਈ। ਸਤਲੁਜੋਂ ਪਾਰ ਦੇ ਸਾਰੇ ਸਿੱਖ ਰਜਵਾੜਿਆਂ ਨੇ ਅੰਗਰੇਜ਼ਾਂ ਦੀ ਸਰਪ੍ਰਸਤੀ ਮੰਨ ਲਈ। ਲੁਧਿਆਣੇ ਅੰਗਰੇਜ਼ ਫੌਜ ਦੀ ਛਾਉਣੀ ਪੈ ਗਈ ਤੇ ਮਹਾਰਾਜੇ ਦਾ ਰਾਜ ਇਧਰੋਂ ਵਧਣ ਤੋਂ ਰੁੱਕ ਗਿਆ।

ਕਾਬਲ ਦੇ ਬਾਦਸ਼ਾਹ ਸ਼ਾਹ ਸ਼ੁਜਾਹ ਨੇ ਮਹਾਰਾਜੇ ਦੀ ਈਨ ਮੰਨ ਕੇ ਉਨ੍ਹਾਂ ਨੂੰ ਜੂਨ 1813 ਵਿਚ ਕੋਹਿਨੂਰ ਹੀਰਾ ਭੇਂਟ ਕਰ ਦਿੱਤਾ। ਇਸੇ ਸਾਲ ਮਹਾਰਾਜੇ ਨੇ ਅਟਕ ਦੀ ਮਸ਼ਹੂਰ ਜਿੱਤ ਪ੍ਰਾਪਤ ਕੀਤੀ। ਇਸ ਨਾਲ ਬੇਰੋਕ ਆ ਕੇ ਲੁੱਟਣ ਵਾਲੇ ਪਠਾਣਾਂ ਨੂੰ ਮਹਾਰਾਜੇ ਨੇ ਸਚਮੁੱਚ ਅਟਕਾ ਕੇ ਰੱਖ ਦਿੱਤਾ। ਫਿਰ ਆਪ ਜੀ ਨਾਲ ਕਸ਼ਮੀਰ ਦੇ ਰਾਜੇ ਨੇ ਸੁਲਾਹ ਕਰਕੇ ਵਫਾਦਾਰ ਰਹਿਣਾ ਮੰਨ ਲਿਆ। ਹੋਰ ਪਹਾੜੀ ਇਲਾਕੇ ਕਬਜ਼ੇ ਵਿਚ ਆ ਗਏ। 1813 ਵਿਚ ਆਪ ਨੇ ਖੜਕ ਸਿੰਘ ਨੂੰ ਆਪਣਾ ਜਾਨਸ਼ੀਨ ਘੋਸ਼ਿਤ ਕੀਤਾ। ਫਿਰ ਅਟਕੋਂ ਪਾਰ ਪਿਸ਼ਾਵਰ ਵੀ ਆਪਣੇ ਰਾਜ ਵਿਚ ਮਿਲਾ ਲਿਆ, ਪਰ ਕਿਸੇ ਵੀ ਸ਼ਹਿਰ ਨੂੰ

ਲੁੱਟਣ ਤੋਂ ਫੌਜਾਂ ਨੂੰ ਸਖਤ ਮਨਾਹੀ ਸੀ। ਫਿਰ ਲੜੀਵਾਰ ਕਸ਼ਮੀਰ, ਹਜ਼ਾਰਾ, ਨੌਸ਼ਹਿਰਾ ਆਦਿ ਵੱਡੇ ਸ਼ਹਿਰ ਵੀ ਜਿੱਤ ਲਏ। ਨੌਸ਼ਹਿਰਾ ਦੀ ਲੜਾਈ ਵਿਚ ਸਿੱਖ ਰਾਜ ਦੇ ਰਾਖੇ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋ ਗਏ। ਸਿੱਖ ਫੌਜ ਇਕ ਸੂਰਬੀਰ ਜਰਨੈਲ ਤੋਂ ਵਾਂਝੀ ਹੋ ਗਈ। ਮਹਾਰਾਜੇ ਨੂੰ ਇਨ੍ਹਾਂ ਦੀ ਸ਼ਹੀਦੀ ਦਾ ਬਹੁਤ ਸਦਮਾ ਪਹੁੰਚਿਆ। ਫਿਰ ਆਪ ਜੀ ਨੇ ਦੱਰਾ ਖੈਬਰ ਦੇ ਮੂੰਹ ਤੇ ਉਸਾਰਿਆ ਕਿਲ੍ਹਾ ਜਮਰੌਦ ਜਿੱਤਿਆ ਜਿਸ ਰਾਹੀਂ ਵਿਦੇਸ਼ੀ ਹਮਲਾਵਰਾਂ ਤੋਂ ਰੋਕ ਹੁੰਦੀ ਸੀ, ਉਸਦੀ ਰਾਖੀ ਕਰਦੇ ਹੋਏ ਆਪ ਦੇ ਦੂਜੇ ਮੁਖੀ ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ ਦੀ ਸ਼ਹੀਦੀ ਨੇ ਆਪ ਨੂੰ ਅੰਦਰੋਂ ਹਿਲਾ ਦਿੱਤਾ।

1838 ਤੱਕ ਅੰਗਰੇਜ਼ਾਂ ਅਤੇ ਮਹਾਰਾਜਾ ਵਿਚਕਾਰ ਚੰਗੀ ਸਦਭਾਵਨਾ ਬਣੀ ਰਹੀ, ਮਹਾਰਾਜਾ ਨੂੰ ਹੋਏ ਅਧਰੰਗ ਨੇ ਅੰਗਰੇਜ਼ਾਂ ਨੂੰ ਅੰਦਰੋਂ ਖੁਸ਼ ਕਰ ਦਿੱਤਾ। ਡੋਗਰੇ ਧਿਆਨ ਸਿੰਹੁ ਅਤੇ ਮਿਸ਼ਰ ਤੇਜਾ ਸਿੰਹੁ ਵਰਗੇ ਬੇਵਫਾ ਵਜ਼ੀਰਾਂ ਨੇ ਉਸ ਦੀ ਬਿਮਾਰੀ ਸਮੇਂ ਹੀ ਅੰਗਰੇਜ਼ਾਂ ਨਾਲ ਸਾਜਸ਼ੀ ਗੋਦਾਂ ਗੁੰਦ ਲਈਆਂ। ਮਹਾਰਾਜਾ ਸਾਹਿਬ ਨੇ ਟਿੱਕਾ ਖੜਕ ਸਿੰਘ ਨੂੰ ਰਾਜ ਗੱਦੀ 'ਤੇ ਬਿਠਾਉਂਦਿਆਂ ਬੜੇ ਭਾਵੁਕ ਅੰਦਾਜ਼ ਵਿਚ ਸਮੂਹ ਦਰਬਾਰੀਆਂ ਨੂੰ ਇਕ ਮੁੱਠ ਹੋ ਕੇ ਆਜ਼ਾਦੀ ਬਚਾਈ ਰੱਖਣ ਦੀ ਤਾਕੀਦ ਕੀਤੀ ਅਤੇ ਅੰਤ 27 ਜੂਨ 1839 ਨੂੰ ਆਪ ਸਦਾ ਲਈ ਤੁਰ ਗਏ ਤੇ ਪੰਜਾਬ ਨੂੰ ਗੁਲਾਮੀ ਦੇ ਜੂਲੇ ਨੇ ਘੇਰ ਲਿਆ।

ਸ਼ਖਸੀਅਤ:- ਇਕ ਛੋਟੇ ਸਰਦਾਰ ਘਰ ਜਨਮ ਲੈ ਕੇ ਆਪ ਜੀ ਆਪਣੀ ਹਿੰਮਤ ਨਾਲ ਸਤਲੁਜ ਤੋਂ ਪਿਸ਼ੋਰ ਅਤੇ ਤਿੱਬਤ ਤੋਂ ਸਿੰਧ ਤੱਕ ਫੈਲੇ ਰਾਜ ਦੇ ਮਾਲਕ ਬਣੇ। ਜਿਸ ਦਾ ਰਕਬਾ ਇਕ ਲੱਖ ਚਾਲੀ ਹਜ਼ਾਰ ਵਰਗਮੀਲ ਸੀ। ਇਹ ਸਭ ਕੁਝ ਨਿਰੀਆਂ ਫੌਜਾਂ ਦੇ ਸਹਾਰੇ ਨਹੀਂ ਸੀ ਹੋ ਸਕਦਾ। ਮਹਾਰਾਜਾ ਸਾਹਿਬ ਦੇ ਆਪ ਫੁਰਤੀਲੇ, ਦਲੇਰ, ਨਿਝੱਕ, ਨਿਡਰ, ਅਥੱਕ ਅਤੇ ਸੂਝਵਾਨ ਹੋਣ ਕਾਰਨ ਹੀ ਸਭ ਕੁਝ ਹੋ ਸਕਿਆ। ਇਸੇ ਕਰਕੇ ਹਰ ਮੈਦਾਨ ਫਤਹਿ ਨੇ ਆਪ ਦੇ ਪੈਰ ਚੁੰਮੇ। ਸਾਰੇ ਰਾਜ ਦਾ ਪ੍ਰਬੰਧ ਉਨ੍ਹਾਂ ਆਪ ਹੀ ਕੀਤਾ। ਭਾਂਵੇ ਆਪ ਜੀ ਦੇ ਰਾਜ ਵਿਚ ਸਿੱਖਾਂ ਦੀ ਗਿਣਤੀ 10 ਪ੍ਰਤੀਸ਼ਤ ਸੀ, ਪਰ ਮਹਾਰਾਜੇ ਦੀ ਸੂਝ ਬੂਝ ਨਾਲ ਹੀ 90 ਪ੍ਰਤੀਸ਼ਤ ਗੈਰ ਸਿੱਖ ਵੀ ਆਪ ਦੇ ਰਾਜ ਵਿਚ ਖੁਸ਼ ਸਨ। ਆਪ ਸਾਰੇ ਰਾਜ ਪ੍ਰਬੰਧ ਨੂੰ ਦਸਮ ਪਿਤਾ ਦਾ ਹੀ ਮੰਨਦੇ ਤੇ ਆਪਣੇ ਆਪ ਨੂੰ ਅਹਿਲਕਾਰ।

ਆਪ ਜੀ ਆਪਣੀ ਪਰਜਾ ਨੂੰ ਬਹੁਤ ਪਿਆਰ ਕਰਦੇ। ਹਰ ਮੁਸੀਬਤ ਸਮੇਂ ਖੁੱਲ੍ਹੇ ਦਿਲ ਨਾਲ ਪਰਜਾ ਦੀ ਮਦਦ ਕਰਦੇ ਅਤੇ ਭੇਸ ਵਟਾ ਹਾਲ ਚਾਲ ਪਤਾ ਕਰਦੇ। ਸਾਧਾਰਣ ਜਾਪਣ ਵਾਲੇ ਬੰਦਿਆਂ ਦੀ ਅਜਿਹੀ ਸ਼ਖਸੀਅਤ ਉਸਾਰੀ ਕਰਦੇ ਕਿ ਦੇਖਣ ਵਾਲੇ ਦੰਗ ਰਹਿ ਜਾਂਦੇ। ਆਪ ਦੀ ਦੂਰ ਦ੍ਰਿਸ਼ਟੀ ਨੇ ਹਟਵਾਣੀਏ ਮੁਹਕਮ ਚੰਦ ਅਤੇ ਫੱਟ ਬੰਨ ਫਕੀਰ ਅਜ਼ੀਜ਼ ਦੀਨ ਨੂੰ ਆਪ ਨੇ ਲਾਇਕ ਵਜ਼ੀਰ ਬਣਾ ਦਿੱਤਾ।

ਸਿੱਖੀ ਘਰਾਣੇ ਵਿਚ ਜੰਮਣ ਕਰਕੇ ਆਪ ਜੀ ਇਕ ਸੰਸਕਾਰੀ ਗੁਰਸਿੱਖ ਸਨ। ਨੇਮ ਨਾ ਲਰੋਜ਼ ਇਕ ਘੰਟਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਦੇ ਅਤੇ ਹਰ ਮੁਹਿੰਮ ਜਾਂ ਕੰਮ ਅਰਦਾਸਾ ਸੋਧ ਕੇ ਕਰਦੇ। ਜਿੱਤਣ ਤੇ ਵਾਹਿਗੁਰੂ ਦਾ ਧੰਨਵਾਦ ਕਰਦੇ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਜ਼ਰੂਰ ਜਾਂਦੇ। ਆਪਣੇ ਆਪ ਨੂੰ ਮਹਾਰਾਜੇ ਨਾਲੋਂ ਸਿੰਘ

ਸਾਹਿਬ ਅਖਵਾਉਣਾ ਜ਼ਿਆਦਾ ਪਸੰਦ ਕਰਦੇ ਸਨ। ਆਪਣੇ ਰਾਜ ਵਿਚ ਚਲਾਏ ਸਿੱਕੇ ਉੱਤੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਵਾ ਦਾ ਠੱਪਾ ਲਗਵਾਇਆ ਅਤੇ ਸਿੱਕੇ ਨੂੰ ਨਾਨਕਸ਼ਾਹੀ ਸਿੱਕੇ ਦਾ ਨਾਂ ਦਿੱਤਾ।

ਸਿੱਖੀ ਵਿਚ ਅਥਾਹ ਸ਼ਰਧਾ ਹੋਣ ਦੇ ਬਾਵਜੂਦ ਮੰਦਰਾਂ ਅਤੇ ਮਸਜਿਦਾਂ ਦੀ ਸੰਭਾਲ ਵਿਚ ਆਪ ਨੇ ਕੋਈ ਕਸਰ ਨਾ ਰੱਖੀ। ਜਿਵੇਂ ਗੁਰਦੁਆਰਿਆਂ ਨਾਲ ਜਗੀਰਾਂ ਲਾਈਆਂ, ਉਸੇ ਤਰ੍ਹਾਂ ਲੋੜਵੰਦ ਦਰਾਂ ਮਸਜਿਦਾਂ ਦਾ ਵੀ ਖਿਆਲ ਰੱਖਿਆ। ਹਰ ਜਿੱਤੇ ਸ਼ਹਿਰ ਦੀਆਂ ਧਾਰਮਿਕ ਇਮਾਰਤਾਂ ਅਤੇ ਪੁਸਤਕਾਂ ਦੀ ਯੋਗ ਸੰਭਾਲ ਕੀਤੀ। ਫੌਜ ਨੂੰ ਹੁਕਮ ਸਨ ਕਿ ਸ਼ਹਿਰ ਵਿਚੋਂ ਕਿਸੇ ਕਿਸਮ ਦੀ ਨਾ ਲੁੱਟਮਾਰ ਹੋਏ ਅਤੇ ਨਾ ਹੀ ਔਰਤਾਂ ਦੀ ਬੇਪਤੀ ਕੀਤੀ ਜਾਵੇ। ਆਪ ਨਿਆਂਕਾਰ, ਪਰਜਾਪਾਲਕ ਇੰਨੇ ਸਨ ਕਿ ਦੌਰਿਆਂ ਸਮੇਂ ਆਮ ਲੋਕਾਂ ਤੋਂ ਆਏ ਸੁੱਕੇ ਪੱਠੇ ਅਤੇ ਦੁੱਧ ਆਦਿਕ ਦੀ ਵੀ ਕੀਮਤ ਉਤਾਰ ਦਿਆ ਕਰਦੇ।

ਉਪਰੋਕਤ ਖੂਬੀਆਂ ਕਰਕੇ ਹੀ ਪੰਜਾਬ ਭਰ ਦੇ ਪੰਜਾਬੀ ਆਪ ਦੀ ਸ਼ੋਭਾ ਕਰਦੇ ਸਨ। ਜਿਨ੍ਹਾਂ ਨੇ ਆਪ ਦੇ ਰਾਜ ਦੇ ਸੁੱਖ ਮਾਣੇ ਸਨ, ਉਹ ਜਦ ਤਕ ਜਿਊਂਦੇ ਰਹੇ ਆਪਣੇ ਪੁੱਤਰਾਂ ਪੋਤਰਿਆਂ ਨੂੰ ਮਹਾਰਾਜਾ ਸਾਹਿਬ ਦੇ ਵਡੱਪਣ, ਨਿਆਂ, ਸਰਬ ਸਾਂਝ, ਪਰਜਾ ਪਾਲਕੀ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਮਹਾਰਾਜੇ ਦੇ ਗੁਣ ਗਾਂਦੇ ਸਨ।

-0-

7. ਅਕਾਲੀ ਫੂਲਾ ਸਿੰਘ ਜੀ

ਹਿੰਦੁਸਤਾਨ ਦੀ ਇੱਜ਼ਤ ਆਬਰੂ ਲੁੱਟਣ ਵਾਸਤੇ ਹਮਲਾਵਰ ਆਮ ਤੌਰ ਤੇ ਦਰ੍ਹਾ ਖੈਬਰ, ਗੋਮਲ ਅਤੇ ਬੋਲਨ ਆਦਿ ਤੋਂ ਹੀ ਚੜ੍ਹ ਕੇ ਆਉਂਦੇ ਸਨ, ਸਾਡੇ ਸਿੱਖ ਬਜ਼ੁਰਗਾਂ ਨੇ ਆਪਣੀ ਤਲਵਾਰ ਦੇ ਜ਼ੋਰ ਨਾਲ ਇਹਨਾਂ ਜਰਵਾਣਿਆਂ ਦੇ ਇਹ ਰਸਤੇ ਹਮੇਸ਼ਾਂ ਲਈ ਬੰਦ ਹੀ ਨਹੀਂ ਕਰ ਦਿੱਤੇ, ਬਲਕਿ ਉਹ ਇੰਨੇ ਭੈ-ਭੀਤ ਹੋਏ ਕਿ ਉਨ੍ਹਾਂ ਨੂੰ ਮੁੜ ਇਸ ਪਾਸੇ ਵੱਲ ਮੂੰਹ ਕਰਨ ਦਾ ਹੌਂਸਲਾ ਨਾ ਪਿਆ। ਅਕਾਲੀ ਫੂਲਾ ਸਿੰਘ ਜੀ ਇਨ੍ਹਾਂ ਸਿੱਖ ਬਜ਼ੁਰਗਾਂ ਵਿਚੋਂ ਹੀ ਹੋਏ ਹਨ, ਜਿਸ ਕਰਕੇ ਸਿੱਖ ਪੰਥ ਵਿਚ ਇਨ੍ਹਾਂ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ।

ਅਕਾਲੀ ਫੂਲਾ ਸਿੰਘ ਜੀ ਨੇ ਸਿੱਖ ਰਾਜ ਦੇ ਵਾਧੇ ਵਾਸਤੇ ਜਿਸ ਲੜਾਈ ਵਿਚ ਵੀ ਹਿੱਸਾ ਲਿਆ, ਉਸ ਵਿਚ ਪੂਰਨ ਤੌਰ ਤੇ ਜਿੱਤ ਪ੍ਰਾਪਤ ਕੀਤੀ।

ਨੁਸ਼ਹਿਰੇ ਦੀ ਲੜਾਈ ਅਕਾਲੀ ਜੀ ਨੇ ਸੰਨ 1823 ਵਿਚ ਲੜੀ ਅਤੇ ਇਹ ਲੜਾਈ ਉਨ੍ਹਾਂ ਦੀ ਆਖਰੀ ਲੜਾਈ ਸੀ। ਇਸ ਲੜਾਈ ਵਿਚ ਪਠਾਣਾਂ ਦੇ ਦਿਲਾਂ ਉੱਤੇ ਇੰਨਾ ਦਬਦਬਾ ਪਿਆ ਕਿ ਉਹ ਹਮੇਸ਼ਾਂ ਲਈ ਹੌਂਸਲਾ ਛੱਡ ਬੈਠੇ। ਇਸ ਲੜਾਈ ਵਿਚੋਂ ਨੱਸ ਕੇ ਗਏ ਪਠਾਣਾਂ ਵਿਚੋਂ ਇਕ ਦਾ ਨਾਂ ਮੁਲਾਂ ਰਸ਼ੀਦ ਸੀ, ਜੋ ਬੜਾ ਬਹਾਦਰ ਸੀ। ਜਦ ਉਸ ਕੋਲੋਂ ਪੁੱਛਿਆ ਗਿਆ ਕਿ ਮੁਲਾਂ ਜੀ ਸਿੰਘਾਂ ਨਾਲ ਹੁਣ ਜਹਾਦ ਕਦ ਕਰੋਗੇ ਤਾਂ ਮੁਲਾਂ ਨੇ ਉੱਤਰ ਦਿੱਤਾ ਕਿ ਮੈਂ ਸਿੰਘਾਂ ਨਾਲ ਸਾਹਮਣੇ ਹੋ ਕੇ ਲੜਨ ਦਾ ਇਰਾਦਾ ਹਮੇਸ਼ਾਂ ਲਈ ਛੱਡ ਦਿੱਤਾ ਹੈ। ਹਾਂ, ਜੇਕਰ ਮੈਨੂੰ ਕੋਈ ਇੰਨਾ ਲੰਬਾ ਨੇਜ਼ਾ ਬਣਾ ਦੇਵੇ ਕਿ ਮੈਂ ਸਰਹੱਦ

ਦੀਆਂ ਚੋਟੀਆਂ 'ਤੇ ਖੜ੍ਹਾ ਹੋ ਕੇ ਮਾਝੇ ਤੱਕ ਦੇ ਸਿੱਖਾਂ ਦਾ ਨਿਸ਼ਾਨਾ ਬਣਾ ਸਕਾਂ ਤਾਂ ਮੈਂ ਆਪਣਾ ਇਹ ਫੈਸਲਾ ਬਦਲ ਸਕਦਾ ਹਾਂ, ਪਰ ਮੈਦਾਨ ਵਿਚ ਸਾਹਮਣੇ ਹੋ ਕੇ ਲੜਨ ਦਾ ਹੌਂਸਲਾ ਮੇਰੇ ਵਿਚ ਬਿਲਕੁਲ ਨਹੀਂ ਹੈ। ਫਿਰ ਆਪਣੇ ਪੈਰਾਂ ਨੂੰ ਹੱਥ ਲਾ ਕੇ ਚੁੰਮਿਆ ਅਤੇ ਕਹਿਣ ਲੱਗਾ ਕਿ ਇਨ੍ਹਾਂ ਪੈਰਾਂ ਸਦਕਾ ਹੀ ਮੈਂ ਨੁਸ਼ਹਿਰੇ ਦੇ ਮੈਦਾਨ ਵਿਚੋਂ ਨੱਸ ਕੇ ਬਚਿਆ ਹਾਂ, ਨਹੀਂ ਤੇ ਆਪਣੇ ਹਜ਼ਾਰਾਂ ਭਰਾਵਾਂ ਦੀ ਤਰ੍ਹਾਂ ਮੈਦਾਨਿ-ਜੰਗ ਵਿਚ ਹੀ ਕੁਤਰਿਆ ਜਾਂਦਾ।

ਮੁਲਾਂ ਰਸ਼ੀਦ ਇਕ ਚੰਗਾ ਆਲਮ ਫਾਜ਼ਲ ਸੀ ਅਤੇ ਮਖੌਲੀਆ ਤਬੀਅਤ ਦਾ ਆਦਮੀ ਸੀ। ਕਾਬਲ ਰਾਜ ਵਿਚ ਵੀ ਇਸ ਦਾ ਆਉਣਾ ਜਾਣਾ ਸੀ, ਇਕ ਵਾਰ ਇਕ ਹਾਕਮ ਨਾਲ, ਜਿਹੜਾ ਕਿ ਕਾਬਲ ਦਾ ਗਵਰਨਰ ਰਹਿ ਚੁੱਕਾ ਸੀ, ਨੁਸ਼ਹਿਰੇ ਦੀ ਲੜਾਈ ਦੀ ਗੱਲਬਾਤ ਹੋ ਰਹੀ ਸੀ। ਹਾਕਮ ਨੇ ਕਿਹਾ ਮੁਲਾਂ ਜੀ! ਪਿਸ਼ਾਵਰ ਦਾ ਕਿਲ੍ਹਾ ਬੜਾ ਮਜ਼ਬੂਤ ਹੈ, ਜੇਕਰ ਇਹ ਕਾਬਲ ਵਿਚ ਹੁੰਦਾ ਤਾਂ ਬੜਾ ਹੀ ਲਾਹੇਵੰਦ ਸਿੱਧ ਹੁੰਦਾ। ਮੁਲਾਂ ਜੀ ਨੇ ਕਿਹਾ ਕਿ ਜੇ ਤੁਸੀਂ ਚਾਹੋ ਤਾਂ ਇਹ ਕਿਲ੍ਹਾ ਬੜੇ ਆਰਾਮ ਨਾਲ ਕਾਬਲ ਪਹੁੰਚ ਸਕਦਾ ਹੈ। ਸਾਰਿਆਂ ਨੇ ਹੈਰਾਨ ਹੋ ਕੇ ਕਿਹਾ ਕਿ ਉਹ ਕਿਸ ਤਰ੍ਹਾਂ? ਮੁਲਾਂ ਜੀ ਕਹਿਣ ਲੱਗੇ ਕਿ ਤੁਸੀਂ ਚਾਰੇ ਭਰਾ ਮੇਰੇ ਨਾਲ ਚਲੋ, ਮੈਂ ਇਹਨਾਂ ਚੋਹਾਂ ਭਰਾਵਾਂ ਨੂੰ ਕਿਲ੍ਹੇ ਦੀਆਂ ਚੋਹਾਂ ਬਾਹੀਆਂ ਨਾਲ ਰੱਸਿਆਂ ਨਾਲ ਕੱਸਕੇ ਬੰਨ੍ਹ ਦਿਆਂਗਾ। ਜਿਸ ਵਕਤ ਤੁਸੀਂ ਸਿੰਘ ਨੂੰ ਦੇਖਕੇ ਨੱਸੋਗੇ (ਜਿਸ ਤਰ੍ਹਾਂ ਕਿ ਤੁਸੀਂ ਆਮ ਤੌਰ ਤੇ ਕਰਦੇ ਹੋ) ਤਾਂ ਕਿਲ੍ਹਾ ਆਪਣੇ ਆਪ ਤੁਹਾਡੇ ਮਗਰ ਖਿਚੀਂਦਾ ਹੋਇਆ ਕਾਬਲ ਪਹੁੰਚ ਜਾਏਗਾ। ਸਾਰੇ ਦਰਬਾਰੀ ਹੱਸ ਹੱਸ ਕੇ ਦੂਹਰੇ ਹੋ ਗਏ ਕਿ ਮੁਲਾਂ ਜੀ, ਵਾਹ! ਕੇਹਾ ਸੋਹਣਾ ਪਠਾਣਾਂ ਦਾ ਨਕਸ਼ਾਂ ਉਤਾਰਿਆ ਜੇ!

ਇਲਾਕਾ ਬਾਂਗਰ ਦੇ ਪਿੰਡ ਵਿਚ ਇਕ ਸਾਧਾਰਣ ਗੁਰਸਿੱਖ ਭਾਈ ਈਸ਼ਰ ਸਿੰਘ ਮਿਸਲ ਨਿਸ਼ਾਨਾ ਦੇ ਗ੍ਰਹਿ ਵਿਖੇ ਆਪ ਦਾ ਜਨਮ 1761 ਈ: ਵਿਚ ਹੋਇਆ। ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ, 1762 ਵਿਚ ਛੇਂਵਾ ਹਮਲਾ ਕੀਤਾ ਸੀ। ਸਿੱਖ ਵੀ ਡਟ ਕੇ ਮੁਕਾਬਲਾ ਕਰਨ ਦੀ ਵਿਉਂਤ ਬਣਾ ਕੇ ਜਗਰਾਉਂ ਦੇ ਲਾਗੇ ਇਕੱਠੇ ਹੋਏ ਤਾਂ ਜੋ ਅਬਦਾਲੀ ਦੀ ਫੌਜ ਨੂੰ ਧਰੀਕਦੇ ਹੋਏ ਮਾਲਵੇ ਦੇ ਮਾਰੂਥਲਾਂ ਵਿਚ ਲੈ ਜਾਣ, ਜਿਥੇ ਪਾਣੀ ਦੀ ਥੁੜ੍ਹ ਨਾਲ ਉਸ ਨੂੰ ਦੁਖੀ ਕੀਤਾ ਜਾਵੇ। ਇਸੇ ਜੰਗ ਵਿਚ ਹੀ ਭਾਈ ਈਸ਼ਰ ਸਿੰਘ ਜੀ ਨੂੰ ਕਾਫੀ ਗਹਿਰੇ ਫੱਟ ਲੱਗੇ ਤੇ ਕੁਝ ਦਿਨਾਂ ਬਾਅਦ ਉਹ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਦੇ ਦੂਸਰੇ ਭਾਈ ਸੰਤ ਸਿੰਘ ਨੇ ਜਨਮ ਲਿਆ। ਇਨ੍ਹਾਂ ਦੇ ਪਿਤਾ ਜੀ ਨੇ ਅਕਾਲ ਚਲਾਣਾ ਕਰਨ ਤੋਂ ਪਹਿਲਾਂ, ਇਨ੍ਹਾਂ ਦੀ ਬਾਂਹ ਬਾਬਾ ਨਰੈਣ ਸਿੰਘ ਮਿਸਲ ਸ਼ਹੀਦਾਂ ਦੇ ਹੱਥ ਫੜਾ ਦਿੱਤੀ। ਅਕਾਲੀ ਫੂਲਾ ਸਿੰਘ ਜੀ ਨੇ ਦਸ ਵਰ੍ਹਿਆਂ ਦੀ ਉਮਰ ਵਿਚ ਹੀ ਨਿਤਨੇਮ ਤੇ ਹੋਰ ਬਾਣੀਆਂ ਕੰਠ ਕਰ ਲਈਆਂ ਸਨ। ਗੁਰਬਾਣੀ ਨਾਲ ਇੰਨਾ ਪਿਆਰ ਸੀ ਕਿ ਖੇਡਣ, ਕੁੱਦਣ ਦੀ ਅਲਬੇਲੀ ਅਵਸਥਾ ਵਿਚ ਵੀ ਗੁਰਬਾਣੀ ਪੜ੍ਹਦੇ ਰਹਿੰਦੇ ਸਨ। ਧਾਰਮਿਕ ਵਿਦਿਆ ਵਿਚ ਚੰਗੇ ਨਿਪੁੰਨ ਹੋਣ ਉਪਰੰਤ ਹਰ ਗੁਰਸਿੱਖ ਬੱਚੇ ਲਈ ਸ਼ਸਤਰ ਵਿਦਿਆ ਦੀ ਸਿਖਲਾਈ ਬਹੁਤ ਜ਼ਰੂਰੀ ਸੀ। ਇਸ ਲਈ ਅਕਾਲੀ ਫੂਲਾ ਸਿੰਘ ਜੀ ਨੂੰ ਵੀ ਸ਼ਸਤਰ ਵਿਦਿਆ ਦੀ ਸਿਖਲਾਈ ਸ਼ੁਰੂ ਕਰਾਈ

ਗਈ। ਥੋੜ੍ਹੇ ਸਮੇਂ ਵਿਚ ਹੀ ਆਪ ਸ਼ਮਸ਼ੀਰ-ਜ਼ਨੀ ਤੇ ਧਨੁੱਖ ਚੜ੍ਹਾਉਣ ਵਿਚ ਬਹੁਤ ਨਿਪੁੰਨ ਹੋ ਗਏ। ਘੋੜ ਸਵਾਰੀ ਤੇ ਹੋਰ ਜੰਗੀ ਗੁਣਾਂ ਦੇ ਵੀ ਆਪ ਪੂਰੀ ਤਰ੍ਹਾਂ ਮਾਹਿਰ ਹੋ ਗਏ। ਆਪ ਜੀ ਨੇ ਬਾਬਾ ਨਰੈਣ ਸਿੰਘ ਦੇ ਡੇਰੇ ਆ ਕੇ ਅਕਾਲੀ ਸ਼ਸਤਰ ਬਸਤਰ ਪਹਿਨ ਲਏ ਅਤੇ ਸ਼ਹੀਦਾਂ ਦੀ ਮਿਸਲ ਵਿਚ ਸ਼ਾਮਲ ਹੋ ਗਏ। ਆਪ ਜੀ ਬਾਬਾ ਨਰੈਣ ਸਿੰਘ ਜੀ ਦੇ ਜਥੇ ਨਾਲ ਸ੍ਰੀ ਅਨੰਦਪੁਰ ਸਾਹਿਬ ਆ ਗਏ। ਇਥੇ ਸਾਰਾ ਸਮਾਂ ਗੁਰਦੁਆਰਿਆਂ ਦੀ ਸੇਵਾ ਵਿਚ ਬੀਤਿਆ। ਜਿਉਂ ਜਿਉਂ ਆਪ ਦਾ ਸ਼ੁੱਧ ਆਚਰਣ ਅਤੇ ਧਾਰਮਿਕ ਜੀਵਨ ਵਧਦਾ ਗਿਆ ਤਿਉਂ ਤਿਉਂ ਸਾਰੇ ਅਕਾਲੀ ਜਥੇ ਵਿਚ ਆਪ ਜੀ ਦਾ ਮਾਣ ਅਤੇ ਰੁਤਬਾ ਮੰਨਿਆ ਜਾਣ ਲੱਗ ਪਿਆ। ਆਪ ਜੀ ਦਾ ਇਹ ਮਾਣ ਇਥੋਂ ਤੱਕ ਵੱਧ ਗਿਆ ਕਿ ਬਾਬਾ ਨਰੈਣ ਸਿੰਘ ਜੀ ਦੇ ਚੜ੍ਹਾਈ ਕਰਨ ਉਪਰੰਤ ਆਪ ਜੀ ਹੀ ਜਥੇ ਦੇ ਜਥੇਦਾਰ ਥਾਪੇ ਗਏ।

ਸੰਨ 1802 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। ਇਹ ਸ਼ਹਿਰ ਉਦੋਂ ਭੰਗੀ ਮਿਸਲ ਦੇ ਸਰਦਾਰਾਂ ਦੇ ਕਬਜ਼ੇ ਵਿਚ ਸੀ। ਉਨ੍ਹਾਂ ਨੇ ਮਹਾਰਾਜੇ ਨਾਲ ਟਾਕਰਾ ਕਰਨ ਦੀ ਤਿਆਰੀ ਕਰ ਲਈ। ਇਨ੍ਹੀ ਦਿਨੀਂ ਬਾਬਾ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਅੰਮ੍ਰਿਤਸਰ ਸਨ। ਜਦ ਆਪ ਨੂੰ ਪਤਾ ਲੱਗਾ ਕਿ ਖਾਲਸੇ ਵਿਚ ਲੜਾਈ ਛਿੜਨ ਵਾਲੀ ਹੈ, ਜਿਸ ਵਿਚ ਸਿੱਖਾਂ ਦੇ ਹੱਥੋਂ ਸਿੱਖਾਂ ਦਾ ਲਹੂ ਡੁੱਲ੍ਹੇਗਾ, ਤਾਂ ਆਪ ਨੇ ਵਿਚ ਪੈ ਕੇ ਦੋਹਾਂ ਧਿਰਾਂ ਨੂੰ ਸਮਝਾਇਆ ਅਤੇ ਉਹਨਾਂ ਦਾ ਸਮਝੌਤਾ ਕਰਾ ਦਿੱਤਾ। ਇਹ ਸਿਆਣਪ ਭਰਿਆ ਫੈਸਲਾ ਕਰਾਉਣ ਕਰਕੇ ਮਹਾਰਾਜਾ ਸਾਹਿਬ ਦਾ ਤਾਂ ਆਪ ਨਾਲ ਅਜਿਹਾ ਗੂੜ੍ਹਾ ਪਿਆਰ ਪੈ ਗਿਆ ਕਿ ਉਹ ਹਰੇਕ ਜ਼ਰੂਰੀ ਮੁਹਿੰਮ ਵਿਚ ਆਪ ਜੀ ਦੀ ਸਲਾਹ ਲੈਂਦੇ ਰਹੇ। ਆਪ ਦਾ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਹੀ ਗੁਜ਼ਰਿਆ। ਸਿੱਖ ਰਾਜ ਦੀ ਉਸਾਰੀ ਦੇ ਸਾਰੇ ਜੰਗਾਂ-ਕਸੂਰ, ਅਟਕ, ਮੁਲਤਾਨ, ਕਸ਼ਮੀਰ, ਹਜ਼ਾਰਾ, ਪਿਸ਼ਾਵਰ ਆਦਿ ਦੀਆਂ ਸਾਰੀਆਂ ਲੜਾਈਆਂ ਵਿਚ ਆਪ ਆਪਣੇ ਜਥੇ ਸਮੇਤ ਸ਼ਾਮਲ ਹੋਏ ਤੇ ਬੀਰਤਾ ਦੇ ਜੌਹਰ ਵਿਖਾਉਂਦੇ ਰਹੇ।

ਆਪ ਆਚਰਣ ਦੇ ਅਜਿਹੇ ਉੱਚੇ ਤੇ ਸੁੱਚੇ ਧਰਮ ਮਰਿਯਾਦਾ ਵਿਚ ਅਜਿਹੇ ਪੱਕੇ ਅਤੇ ਨਿਰਭੈ ਸਨ ਕਿ ਸਿੱਖੀ ਰਹਿਤ ਬਾਰੇ ਆਪ ਦੇ ਹੁਕਮਾਂ ਨੂੰ ਮਹਾਰਾਜਾ ਰਣਜੀਤ ਸਿੰਘ ਵੀ 'ਜੀ' ਕਹਿ ਕੇ ਪ੍ਰਵਾਨ ਕਰਦੇ ਸਨ। ਆਪ ਸਿੱਖੀ ਦੀ ਪਾਲਣਾ ਤਕੜੇ ਤੇ ਨਿਡਰ ਹੋ ਕੇ ਕਰਦੇ ਕਰਾਉਂਦੇ ਸਨ। ਇਥੋਂ ਤੱਕ ਕਿ ਸਿੱਖੀ ਰਹਿਤ ਤੋਂ ਉਲਟ ਹੋਈ ਗੱਲ ਵੇਖ ਕੇ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਸਜ਼ਾ ਦੇਣੋਂ ਫਰਕ ਨਾ ਕੀਤਾ।

ਆਪ ਦੇ ਜੀਵਨ ਦਾ ਸਭ ਤੋਂ ਮਹਾਨ ਤੇ ਆਖਰੀ ਕਾਰਨਾਮਾ ਸੰਨ 1823 ਦੀ ਨੁਸ਼ਹਿਰੇ ਦੀ ਸਰਹੱਦੀ ਲੜਾਈ ਸੀ। ਇਹ ਲੜਾਈ ਆਪ ਨੇ ਧਾਰਮਿਕ ਅਸੂਲਾਂ ਦੀ ਪਾਲਣਾ ਕਰਦੇ ਹੋਏ ਓੜਕ ਦੀ ਬਹਾਦਰੀ ਨਾਲ ਲੜੀ ਤੇ ਇਸ ਵਿਚ ਜਿੱਤ ਪ੍ਰਾਪਤ ਕਰਕੇ ਸ਼ਹੀਦ ਹੋਏ।

ਜਦ ਮੁਲਤਾਨ, ਕਸ਼ਮੀਰ ਤੇ ਅਟਕੋਂ ਪਾਰ ਦਾ ਇਲਾਕਾ ਖਾਲਸਾ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਤਾਂ ਅਫਗਾਨਿਸਤਾਨ ਦੇ ਬਾਦਸ਼ਾਹ ਨੂੰ ਆਪਣਾ ਫਿਕਰ

ਪਿਆ। ਉਸ ਨੇ ਸਿੱਖ ਰਾਜ ਦੇ ਚਵ੍ਹੇ ਆਉਂਦੇ ਹੜ੍ਹ ਦਾ ਟਾਕਰਾ ਕਰਨ ਤੇ ਉਸ ਨੂੰ ਠੱਲ੍ਹਣ ਲਈ ਸਾਰਾ ਜ਼ੋਰ ਲਾ ਦੇਣ ਦਾ ਫੈਸਲਾ ਕਰ ਲਿਆ। 50 ਹਜ਼ਾਰ ਤੋਂ ਵਧੇਰੇ ਲਸ਼ਕਰ ਲੈ ਕੇ ਉਹ ਨੁਸ਼ਹਿਰੇ ਦੇ ਖੁੱਲ੍ਹੇ ਮੈਦਾਨ ਵਿਚ ਖਾਲਸੇ ਨਾਲ ਜੰਗ ਕਰਨ ਲਈ ਆ ਗਿਆ।

ਉਧਰੋਂ ਮਹਾਰਾਜੇ ਦੀਆਂ ਫੌਜਾਂ ਵੀ ਪੁੱਜ ਗਈਆਂ। ਮਹਾਰਾਜਾ ਸਾਹਿਬ ਆਪ ਅਤੇ ਅਕਾਲੀ ਫੂਲਾ ਸਿੰਘ ਆਪਣੇ ਦਲ ਸਮੇਤ ਇਸ ਫੌਜ ਦੇ ਨਾਲ ਸਨ।

13 ਮਾਰਚ 1823 ਨੂੰ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਜਰਨੈਲ ਪਿਸ਼ਾਵਰ ਬੈਠੇ ਸਨ। ਵੈਰੀਆਂ ਦੀ ਵਧਦੀ ਗਿਣਤੀ ਨੂੰ ਵੇਖਦੇ ਹੋਏ ਫੈਸਲਾ ਕੀਤਾ ਗਿਆ ਕਿ ਕੱਲ੍ਹ ਸਵੇਰੇ ਖਾਲਸਾ ਫੌਜ ਨੂੰ ਜੰਗ ਲਈ ਭੇਜਿਆ ਜਾਵੇ। ਦੂਸਰੇ ਦਿਨ ਸਵੇਰੇ ਦੀਵਾਨ ਸਜਿਆ, ਕੀਰਤਨ ਹੋਇਆ, ਗੁਰਬਾਣੀ ਵਿਚਾਰ ਹੋਏ ਉਪਰੰਤ ਫੌਜਾਂ ਨੂੰ ਜੰਗ ਵਿਚ ਤੋਰਨ ਲਈ ਅਰਦਾਸਾ ਹੋਇਆ ਅਤੇ ਨਗਾਰਾ ਵਜਾ ਦਿੱਤਾ ਗਿਆ। ਜਥੇ ਆਪੋ ਆਪਣੀ ਵਾਰੀ ਅਨੁਸਾਰ ਜੈਕਾਰੇ ਗਜਾਉਂਦੇ ਹੋਏ ਅੱਗੇ ਵਧਣ ਲੱਗੇ ਕਿ ਅਚਾਨਕ ਸੂਹੀਏ ਨੇ ਆ ਖਬਰ ਦਿੱਤੀ ਕਿ ਕਾਬਲ ਤੋਂ ਦਸ ਹਜ਼ਾਰ ਫੌਜ 40 ਵੱਡੀਆਂ ਤੋਪਾਂ ਹੋਰ ਪੁੱਜ ਚੁੱਕੀਆਂ ਹਨ। ਸਾਰੇ ਹਾਲਾਤ ਦਾ ਜ਼ਾਇਜ਼ਾ ਲੈਣ ਮਗਰੋਂ ਮਹਾਰਾਜਾ ਸਾਹਿਬ ਇਸ ਨਤੀਜੇ ਤੇ ਪੁੱਜੇ ਕਿ ਚੜ੍ਹਾਈ ਦਾ ਪ੍ਰੋਗਰਾਮ ਦੂਜੇ ਦਿਨ ਤੇ ਪਾ ਦੇਣਾ ਚਾਹੀਦਾ ਹੈ। ਕਿਉਂਕਿ ਸ਼ਾਮ ਤੱਕ ਖਾਲਸੇ ਦੇ ਤੋਪਖਾਨੇ ਨੇ ਵੀ ਪੁੱਜ ਜਾਣਾ ਸੀ। ਇਸ ਲਈ ਭੇਜੇ ਜਾ ਚੁੱਕੇ ਜਥੇ ਵਾਪਸ ਬੁਲਾ ਲਏ ਗਏ।

ਅਕਾਲੀ ਜੀ ਨੇ ਜਦੋਂ ਸੁਣਿਆ ਤਾਂ ਬੀਰ ਰਸ ਵਿਚ ਆ ਕੇ ਕਿਹਾ, ''ਇਹ ਮੰਨਿਆ ਕਿ ਵੈਰੀ ਬਹੁਤ ਤਾਕਤਵਰ ਹੈ, ਪਰ ਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਪਿਛੇ ਹਟਣਾ ਖਾਲਸੇ ਦਾ ਅਸੂਲ ਨਹੀਂ, ਸਾਡਾ ਸੀਸ ਭਾਂਵੇ ਜਾਵੇ, ਪਰ ਪ੍ਰਣ ਕਾਇਮ ਰਹਿਣਾ ਚਾਹੀਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ''ਹਾਲਾਤ ਨੂੰ ਵੇਖਦੇ ਹੋਏ ਕਾਹਲੀ ਚੰਗੀ ਨਹੀਂ ਰਹੇਗੀ। ਅਸੀਂ ਜੰਗ ਕਰਨੋਂ ਨਹੀਂ ਹਟਾਂਗੇ। ''

ਅਕਾਲੀ ਜੀ ਨੇ ਕਿਹਾ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤਾ ਪ੍ਰਣ ਕਿਸੇ ਕੀਮਤ ਤੇ ਤੋੜਨ ਲਈ ਤਿਆਰ ਨਹੀਂ ਚਾਹੇ ਦੁਸ਼ਮਣ ਦੀ ਫੌਜ ਦਸ ਗੁਣਾਂ ਵੀ ਵਧ ਹੋਵੇ ਅਸੀਂ ਡਰਨਾ ਨਹੀਂ। ਮੈਦਾਨ ਵਿਚ ਸੀਸ ਦੇਣਾ ਪੈ ਜਾਏ ਤਾਂ ਪ੍ਰਵਾਹ ਨਹੀਂ, ਪਰ ਜੰਗ ਹੁਣੇ ਹੀ ਹੋਵੇਗੀ। ਇਹ ਕਹਿ ਕੇ ਅਕਾਲੀ ਜੀ ਨੇ ਜੈਕਾਰੇ ਗਜਾ ਕੇ ਜੰਗ ਵੱਲ ਚਾਲੇ ਪਾ ਦਿੱਤੇ।

ਵੈਰੀਆਂ ਦੀ ਫੌਜ ਦੇ ਅਕਾਲੀਆਂ ਨੇ ਛੱਕੇ ਛੁਡਾ ਦਿੱਤੇ ਪਰ ਗਿਣਤੀ ਥੋੜ੍ਹੀ ਹੋਣ ਕਾਰਨ ਘੇਰੇ ਵਿਚ ਆ ਗਏ। ਜਦ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੇਖਿਆ ਕਿ ਅਕਾਲੀ ਘਿਰ ਗਏ ਹਨ ਤਾਂ ਉਹਨਾਂ ਨੇ ਆਪਣੀ ਫੌਜ ਨੂੰ ਹਮਲਾ ਕਰਨ ਦਾ ਹੁਕਮ ਕੀਤਾ। ਉਪਰੋਂ ਖਾਲਸਾਈ ਤੋਪਖਾਨਾ ਵੀ ਮੈਦਾਨ ਵਿਚ ਪੁੱਜ ਗਿਆ। ਸਾਰਾ ਦਿਨ ਘੋਰ ਯੁੱਧ ਹੋਇਆ ਤੇ ਸ਼ਾਮ ਤੱਕ ਵੈਰੀ ਨੱਸ ਉੱਠੇ ਅਤੇ ਖਾਲਸੇ ਨੇ ਮੈਦਾਨ ਮਾਰ ਲਿਆ, ਪਰ ਆਪ ਜੀ ਨੂੰ ਇਕ ਅਜਿਹੀ ਗੋਲੀ ਲੱਗੀ ਜਿਸ ਕਰਕੇ ਆਪ ਜੀ ਸ਼ਹੀਦੀ ਪਾ ਗਏ।

ਸਿੱਖੀ ਅਸੂਲਾਂ ਲਈ ਖਾਲਸਾ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਅਕਾਲੀ

ਬਾਬਾ ਫੂਲਾ ਸਿੰਘ ਜੀ ਦਾ ਜੀਵਨ ਕੌਮ ਲਈ ਜੀਵਨ ਸੇਧ ਹੈ। ਉਨ੍ਹਾਂ ਨੇ ਸਤਿਗੁਰਾਂ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਨੂੰ ਆਪਣਾ ਸਿਰ ਦੇ ਕੇ ਨਿਭਾਇਆ।

-0-

੪. ਸ੍ਰ. ਹਰੀ ਸਿੰਘ ਨਲੂਆ

ਸੰਨ 1881 ਦੇ ਲਗਭਗ ਅੰਗਰੇਜ਼ੀ ਤੇ ਫਰਾਂਸੀਸੀ ਅਖਬਾਰਾਂ ਵਿਚ ਇਹ ਚਰਚਾ ਛਿੜੀ ਕਿ ਸੰਸਾਰ ਦਾ ਸਭ ਤੋਂ ਵੱਡਾ ਤੇ ਕਾਮਯਾਬ ਜਰਨੈਲ ਕੌਣ ਹੈ? ਨਿਪੋਲੀਅਨ, ਮਾਰਸ਼ਲ ਹੈਂਡਬਰਗ, ਲਾਰਡ ਕਿਚਨਰ, ਜਰਨੈਲ ਕਰੋਬਜ਼ੇ ਜਾਂ ਡਯੂਕ ਆਫ ਵਲਿੰਗਟਨ ਹੈ। ਯੂਰਪ ਦੇ ਵੱਡੇ ਜਰਨੈਲਾਂ ਤੋਂ ਬਾਅਦ ਕਈਆਂ ਏਸ਼ੀਆ ਦੇ ਜਰਨੈਲਾਂ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ ਵੀ ਗਣਾਏ, ਪਰ ਜਦ ਹਰੀ ਸਿੰਘ ਨਲੂਏ ਦਾ ਜ਼ਿਕਰ ਆਇਆ ਤਾਂ ਅੰਗਰੇਜ਼ ਲਿਖਾਰੀ ਨੇ ਸਿਰ ਨਿਵਾ ਦਿੱਤਾ ਕਿ ਇਹ ਸੰਸਾਰ ਭਰ ਦਾ ਸਭ ਤੋਂ ਕਾਮਯਾਬ ਜਰਨੈਲ ਹੋਇਆ ਹੈ, ਜਿਸ ਮਾਮੂਲੀ ਗਿਣਤੀ ਨਾਲ ਜਿਸ ਤਰ੍ਹਾਂ ਅਫਗਾਨਿਸਤਾਨ ਜੈਸੇ ਮੁਲਕ ਨੂੰ ਫਤਹਿ ਕੀਤਾ, ਜਿਥੇ ਅੰਗਰੇਜ਼ ਫੌਜਾਂ ਇਤਨੀ ਤਾਕਤ ਤੇ ਖਜ਼ਾਨਾ ਕੋਲ ਹੁੰਦਿਆਂ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਸਨ। ਜੇ ਹਰੀ ਸਿੰਘ ਕੋਲ ਇਤਨੀ ਤਾਕਤ ਤੇ ਖਜ਼ਾਨਾ ਹੁਮਦਾ ਤਾਂ ਸਾਰੇ ਏਸ਼ੀਆ ਤੇ ਯੂਰਪ ਨੂੰ ਮੱਲ ਲੈਂਦਾ, ਹਰੀ ਸਿੰਘ ਨਲੂਆ ਸਿਰਫ ਇਕ ਕਾਮਯਾਬ ਜਰਨੈਲ ਹੀ ਨਹੀਂ ਸੀ, ਸਗੋਂ ਬਹੁਤ ਸਿਆਣਾ ਪ੍ਰਬੰਧਕ, ਉੱਚ ਆਚਰਣ ਦਾ ਧਨੀ, ਆਪਣੇ ਸਮੇਂ ਦਾ ਵਿਦਵਾਨ, ਦੂਰ ਅੰਦੇਸ਼ ਤੇ ਕੁਰਬਾਨੀ ਦਾ ਪੁੰਜ ਸੀ, ਜਿਸ ਨੇ ਪੂਰਾ ਜੀਵਨ ਪੰਥ ਦੀ ਸੇਵਾ ਵਿਚ ਲਾਇਆ। ਖਾਲਸਾ ਪੰਥ ਬਾਰੇ ਆਪ ਦੇ ਵਿਚਾਰ ਇਸ ਤੋਂ ਜ਼ਾਹਿਰ ਹੋ ਜਾਂਦੇ ਹਨ ਕਿ ਖਾਲਸਾ ਰਾਜ ਦੇ ਉਤਰਾਧਿਕਾਰੀ ਦੀ ਚੋਣ ਦਾ ਮਸਲਾ ਸਾਹਮਣੇ ਆਇਆ ਤਾਂ ਆਪ ਜੀ ਨੇ ਕਿਹਾ :-

"ਮੈਂ ਖਾਲਸਾ ਰਾਜ ਨੂੰ ਪੰਥ ਖਾਲਸਾ ਦੀ ਇਕ ਅਮਾਨਤ ਸਮਝਦਾ ਹਾਂ, ਇਸ ਦੀ ਵਾਗਡੋਰ ਕਿਸੇ ਦੇ ਹੱਥ ਸੌਂਪਣ ਲੱਗਿਆ ਕੁਝ ਵਧੇਰੇ ਸੋਚ ਦੀ ਲੋੜ ਹੈ। ਇਸ ਕਰਕੇ ਇਸਦੀ ਵਾਗਡੋਰ ਪੰਜ ਪਿਆਰਿਆਂ ਦੀ ਇਕ ਸੰਸਥਾ ਦੇ ਹੱਥ ਵਿਚ ਹੋਣੀ ਚਾਹੀਦੀ ਹੈ। ਜਿਹੜੀ ਇਸ ਰਾਜ ਨੂੰ ਯੋਗ ਢੰਗ ਨਾਲ ਚਲਾ ਸਕੇ, ਨਹੀਂ ਤਾਂ ਇਸਦੇ ਸਿੱਟੇ ਭਿਆਨਕ ਨਿਕਲਣ ਦਾ ਡਰ ਹੈ। ਅਜਿਹੇ ਨਿਧੜਕ, ਨਿਰਪੱਖ ਸਿੱਖ ਜਰਨੈਲ ਦਾ ਜੀਵਨ ਆਉਂਦੀਆਂ ਪੀੜ੍ਹੀਆਂ ਲਈ ਸਹੀ ਤੌਰ ਤੇ ਇਕ ਚਾਨਣ ਮੁਨਾਰਾ ਹੈ, ਆਓ! ਇਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਲਈਏ।

ਸ੍ਰ. ਹਰੀ ਸਿੰਘ ਦਾ ਜਨਮ 1791 ਈ: ਵਿਚ ਗੁਜ਼ਰਾਂਵਾਲੇ ਦੀ ਧਰਤੀ ਤੇ ਸ੍ਰ. ਗੁਰਦਿਆਲ ਸਿੰਘ ਫੌਜੀ ਅਫਸਰ ਦੇ ਘਰ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਆਪ ਸੱਤ ਕੁ ਸਾਲ ਦੇ ਹੋਏ ਸਨ ਕਿ ਆਪ ਦੇ ਪਿਤਾ ਜੀ ਕਿਸੇ ਬਿਮਾਰੀ ਕਾਰਣ ਚੜ੍ਹਾਈ ਕਰ ਗਏ। ਆਪ ਦੀ ਮਾਤਾ ਜੀ ਵਲੋਂ ਆਪ ਦੀ ਪੜ੍ਹਾਈ, ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਦਾ ਖਾਸ ਪ੍ਰਬੰਧ ਕੀਤਾ ਗਿਆ। ਦਸ ਕੁ ਸਾਲ ਦੀ ਉਮਰ ਵਿਚ ਆਪ ਜੀ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ।

ਸੰਨ 1804 ਦੇ ਬਸੰਤ ਪੰਚਮੀ ਦੇ ਦਰਬਾਰ ਵਿਚ ਸ੍ਰ. ਹਰੀ ਸਿੰਘ ਨੇ ਆਪਣੀ ਸ਼ਸਤਰ ਵਿਦਿਆ ਦੇ ਉਹ ਕਮਾਲ ਦਿਖਾਏ ਕਿ ਮਹਾਰਾਜਾ ਸਾਹਿਬ ਨੇ ਆਪਣੇ ਹਜ਼ੂਰੀ ਖਿਦਮਤਗਾਰਾਂ ਵਿਚ ਭਰਤੀ ਕਰ ਲਿਆ।

ਇਕ ਦਿਨ ਆਪ ਮਹਾਰਾਜਾ ਸਾਹਿਬ ਨਾਲ ਸ਼ਿਕਾਰ ਖੇਡਣ ਗਏ। ਅਜੇ ਆਪ ਸ਼ਿਕਾਰ ਗਾਹ ਵਿਚ ਵੜੇ ਹੀ ਸਨ ਕਿ ਇਕ ਸ਼ੇਰ ਅਚਾਨਕ ਆਪ ਉਤੇ ਟੁੱਟ ਪਿਆ। ਸਰਦਾਰ ਜੀ ਨੇ ਇਕ ਦਮ ਸ਼ੇਰ ਨੂੰ ਜਬਾੜੇ ਤੋਂ ਹੱਥਾਂ ਨਾਲ ਫੜਕੇ ਬੜੇ ਜ਼ੋਰ ਨਾਲ ਪਟਕਾ ਕੇ ਮਾਰਿਆ ਤੇ ਆਪਣੀ ਸ੍ਰੀ ਸਾਹਿਬ ਦਾ ਅਜਿਹਾ ਵਾਰ ਕੀਤਾ ਕਿ ਸ਼ੇਰ ਦੀ ਗਰਦਨ ਧੜ ਨਾਲੋਂ ਵੱਖ ਕਰਕੇ ਰੱਖ ਦਿੱਤੀ।

ਮਹਾਰਾਜਾ ਸਾਹਿਬ ਨੇ ਖੁਸ਼ ਹੋ ਕੇ ਆਪ ਜੀ ਨੂੰ ਸ਼ੇਰ ਦਿਲ ਰੇਜ਼ਮੈਂਟ ਦਾ ਸਰਦਾਰ ਬਣਾ ਦਿੱਤਾ। ਸ਼ੇਰ ਨੂੰ ਹੱਥਾਂ ਨਾਲ ਮਾਰ ਸੁੱਟਣ ਕਰਕੇ ਹੀ ਆਪ ਦਾ ਨਾਂ ਨਲੂਆ ਮਸ਼ਹੂਰ ਹੋ ਗਿਆ।

ਕਸੂਰ ਦੇ ਨਵਾਬ ਕੁਤਬਦੀਨ ਨੇ ਖਾਲਸੇ ਨਾਲ ਦੋ ਹੱਥ ਕਰਨੇ ਚਾਹੇ। 18 ਫਰਵਰੀ 1807 ਨੂੰ ਸ਼ੇਰ ਦਿਲ ਰੇਜ਼ਮੈਂਟ ਨੇ ਨਵਾਬ ਤੇ ਉਸ ਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਸ਼ੇਰ-ਏ-ਪੰਜਾਬ ਸਾਹਮਣੇ ਪੇਸ਼ ਕੀਤਾ।

24 ਜਨਵਰੀ ਸਨ 1810 ਨੂੰ ਖਾਲਸਾ ਫੌਜਾਂ ਮੁਲਤਾਨ ਤੇ ਹਮਲਾਵਰ ਹੋਈਆਂ, ਪਠਾਣਾਂ ਨੇ ਡੱਟ ਕੇ ਮੁਕਾਬਲਾ ਕੀਤਾ, ਪਰ ਅੰਤ ਨਵਾਬ ਮੁਜ਼ੱਫਰ ਖਾਂ ਸ਼ਰਣ ਆ ਪਿਆ।

ਅਟਕ ਦੇ ਕਿਲ੍ਹੇਦਾਰ ਜ਼ਹਾਨ ਖਾਂ ਨੇ ਸ਼ਾਹ ਸ਼ੁਜਾਹ ਨੂੰ ਬੰਦੀ ਬਣਾ ਕੇ ਕਸ਼ਮੀਰ ਭੇਜਿਆ। ਸ਼ਾਹ ਸ਼ੁਜਾਹ ਦੀ ਬੇਗਮ ਦੇ ਕਹਿਣ ਤੇ ਖਾਲਸਾ ਫੌਜਾਂ ਨੇ ਉਸਨੂੰ ਛੁਡਾਇਆ ਤੇ ਵਫਾ ਬੇਗਮ ਨੇ ਕੋਹਿਨੂਰ ਹੀਰਾ ਮਹਾਰਾਜੇ ਨੂੰ ਭੇਂਟ ਕਰ ਦਿੱਤਾ।

ਅਟਕ ਦੇ ਕਿਲ੍ਹੇ ਲਈ ਲਹੂ ਡੋਲ੍ਹਵੀਂ ਲੜਾਈ ਹਜ਼ਰੋਂ ਦੇ ਨੇੜੇ 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਨਾਲ ਸਮਾਪਤ ਹੋਈ। ਫਿਰ ਸ੍ਰ. ਹਰੀ ਸਿੰਘ ਨਲੂਏ ਦੀ ਅਗਵਾਈ ਵਿਚ ਰਾਜੌਰੀ ਤੇ ਭਿੰਡਰ ਦੇ ਨਵਾਬਾਂ ਨੂੰ ਸੁਧਾਰ ਕੇ ਮੁੰਘੇਰ ਦੇ ਇਲਾਕੇ ਦੇ ਨਵਾਬਾਂ ਨੂੰ ਫਤਹਿ ਕਰਕੇ ਨਜ਼ਰਾਨੇ ਉਗਰਾਏ ਤੇ ਵਾਪਸ ਪਰਤ ਆਏ।

ਅੱਠਵੀਂ ਵਾਰ ਫਿਰ ਮੁਲਤਾਨ ਦੇ ਨਵਾਬ ਮੁਜ਼ੱਫਰ ਖਾਂ ਨੇ ਬਗਾਵਤ ਕੀਤੀ ਤਾਂ ਸ੍ਰ. ਹਰੀ ਸਿੰਘ ਜੀ ਨੇ ਮੁਲਤਾਨ ਨੂੰ ਪੂਰੀ ਤਰ੍ਹਾਂ ਖਾਲਸਾ ਰਾਜ ਵਿਚ ਸ਼ਾਮਿਲ ਕਰਕੇ ਇਸ ਬਗਾਵਤ ਦਾ ਜੁਆਬ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ 20 ਅਪ੍ਰੈਲ 1819 ਨੂੰ ਸ੍ਰ. ਹਰੀ ਸਿੰਘ ਤੇ ਹੋਰ ਜਰਨੈਲਾਂ ਨੂੰ ਲੈ ਕੇ 30, 000 ਫੌਜ ਨਾਲ ਕੂਚ ਕਰ ਦਿੱਤਾ ਤੇ ਇਕ ਇਕ ਕਰਕੇ ਕਸ਼ਮੀਰ ਦੀ ਦੁਖੀ ਜਨਤਾ ਨੂੰ ਆਜ਼ਾਦ ਕਰਾਉਣ ਲਈ ਜਿੱਤਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਕਸ਼ਮੀਰ ਨੂੰ ਖਾਲਸਾ ਰਾਜ ਵਿਚ ਮਿਲਾ ਕੇ ਪਹਿਲਾਂ ਮੋਤੀ ਰਾਮ ਨੂੰ ਤੇ ਫਿਰ ਸ੍ਰ. ਹਰੀ ਸਿੰਘ ਨਲੂਆ ਨੂੰ ਗਵਰਨਰ ਬਣਾ ਦਿੱਤਾ ਗਿਆ।

ਮੁੰਘੇਰ ਨੂੰ ਜਿੱਤਣਾ ਕੋਈ ਸੌਖੀ ਗੱਲ ਨਹੀਂ ਸੀ, ਕਿਉਂਕਿ ਇਸਦਾ ਬਹੁਤਾ ਹਿੱਸਾ

ਰੇਤਲਾ ਸੀ ਤੇ ਪਾਣੀ ਦੀ ਕਮੀ ਸੀ। ਪੂਰੀ ਤਿਆਰੀ ਕਰਨ ਪਿੱਛੋਂ 1 ਦਸੰਬਰ 1821 ਨੂੰ ਖਾਲਸੇ ਨੇ ਹਮਲਾ ਕਰ ਦਿੱਤਾ ਤੇ 20 ਦਸੰਬਰ 1821 ਨੂੰ ਮੂੰਘੇਰ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਸ੍ਰ. ਅਮਰ ਸਿੰਘ ਮਜੀਠੀਆ ਹਜ਼ਾਰੇ ਦੀ ਬਗਾਵਤ ਨੂੰ ਦਬਾਉਣ ਗਿਆ ਸ਼ਹੀਦ ਹੋ ਗਿਆ ਸੋ ਦੁਸ਼ਮਣ ਤੋਂ ਬਦਲਾ ਲੈਣ ਲਈ ਸ੍ਰ. ਹਰੀ ਸਿੰਘ ਨੂੰ ਹਜ਼ਾਰੇ ਦਾ ਗਵਰਨਰ ਥਾਪਿਆ ਗਿਆ।

ਪਠਾਣ ਤੇ ਜਹਾਦੀਆਂ ਤੇ ਤੁਰੰਤ ਹਮਲਾ ਕਰਨ ਲਈ 14 ਮਾਰਚ 1823 ਨੂੰ ਸਵੇਰੇ ਸਾਰ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅਰਦਾਸਾ ਸੋਧ ਦਿੱਤਾ ਗਿਆ। ਮੁਹੰਮਦ ਅਜ਼ੀਮ ਖਾਨ ਇਕ ਵੱਡਾ ਤੋਪਖਾਨਾ ਲੈ ਕੇ ਖੇਸ਼ਗੀ ਦੇ ਮੈਦਾਨ ਵਿਚ ਪਹੁੰਚ ਗਿਆ ਸੀ। ਲੜਾਈ ਉਪਰੰਤ ਇਹ ਮੈਦਾਨ ਖਾਲਸੇ ਦੇ ਹੱਥ ਰਿਹਾ, ਪਰ ਇਸ ਲੜਾਈ ਵਿਚ ਬਾਬਾ ਅਕਾਲੀ ਫੂਲਾ ਸਿੰਘ ਸ਼ਹੀਦ ਹੋ ਗਏ।

ਹਜ਼ਾਰੇ ਦੇ ਮੁਹੰਮਦ ਖਾਂ ਤਾਰੀਨ ਇਸਲਾਮ ਦੇ ਝੰਡੇ ਥੱਲੇ 15000 ਪਠਾਣ ਇਕੱਠੇ ਕਰਕੇ ਖਾਲਸਾ ਰਾਜ ਨਾਲ ਟੱਕਰ ਲੈਣ ਦੀ ਤਿਆਰੀ ਕਰ ਰਿਹਾ ਸੀ। ਸ੍ਰ. ਹਰੀ ਸਿੰਘ ਜੀ ਨੇ 1824 ਦੇ ਸ਼ੁਰੂ ਵਿਚ ਹੀ ਇਨ੍ਹਾਂ ਦੀ ਸੁਧਾਈ ਲਈ ਚੜ੍ਹਾਈ ਕਰ ਦਿੱਤੀ। ਦੁਸ਼ਮਣ ਦੀਆਂ ਅਨੋਖੀਆਂ ਚਾਲਾਂ ਦੇ ਬਾਵਜੂਦ ਵੀ ਖਾਲਸਾ ਸਫਲ ਰਿਹਾ। ਮੁਹੰਮਦ ਖਾਂ ਨੇ ਆਪਣੀ ਜਾਨ ਬਚਾਉਣ ਲਈ ਲੱਖ ਯਤਨ ਕੀਤੇ, ਪਰ ਆਪਣੇ ਭਤੀਜੇ ਬੋਸਤਾਨ ਖਾਂ ਸਮੇਤ ਗ੍ਰਿਫਤਾਰ ਹੋ ਗਿਆ।

ਸੱਯਦ ਅਹਿਮਦ ਬਰੇਲੀ ਵਾਲੇ ਨੇ ਕਾਬਲ ਜਾ ਕੇ ਉਥੇ ਦੇ ਬਾਦਸ਼ਾਹ ਤੇ ਹਰ ਪਠਾਣਾਂ ਨੂੰ ਸਿੱਖ ਰਾਜ ਖਿਲਾਫ ਜਹਾਦ ਦਾ ਨਾਅਰਾ ਲਾ ਕੇ ਲਗਭਗ ਡੇਢ ਲੱਖ ਫੌਜ ਲੈ ਕੇ ਤੇ ਧਾੜਵੀ ਇਕੱਠੇ ਕਰ ਲਏ। ਸੈਦੂ ਦੇ ਮੈਦਾਨ ਵਿਚ ਲਹੂ ਡੋਲ੍ਹਵੀਂ ਲੜਾਈ ਹੋਈ, ਜਿਸ ਵਿਚ ਵੈਰੀ ਨੂੰ ਬੁਰੀ ਤਰ੍ਹਾਂ ਹਾਰ ਹੋਈ ਤੇ ਉਹ ਦੌੜ ਗਏ।

836 ਸਾਲ ਪਹਿਲਾਂ ਪਸੌਰ ਦੇ ਇਲਾਕੇ ਤੇ ਲਾਹੌਰ ਦੇ ਰਾਜੇ ਜੈ ਪਾਲ ਦਾ ਕਬਜ਼ਾ ਸੀ, ਜੋ ਕਿ 27 ਨਵੰਬਰ 998 ਈ: ਵਿਚ ਅਫਗਾਨੀਆਂ ਨਾਲ ਲੜਾਈ ਕਰਦਾ ਮਾਰਿਆ ਗਿਆ ਸੀ, ਬਾਅਦ ਵਿਚ ਹਿੰਦੁਸਤਾਨ ਦੀਆਂ ਮਿਲਵੀਆਂ ਤਾਕਤਾਂ ਨੇ ਲੱਖ ਵਾਰ ਕੋਸ਼ਿਸ਼ ਕੀਤੀ, ਕਰੋੜਾਂ ਰੁਪਏ ਤੇ ਲੱਖਾਂ ਜਾਨਾਂ ਕੁਰਬਾਨ ਹੋਈਆਂ, ਪਰ ਪਿਸ਼ੌਰ ਆਜ਼ਾਦ ਨਾ ਹੋ ਸਕਿਆ। ਪਠਾਣ ਅੱਠ ਸਦੀਆਂ ਤੋਂ ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟ ਰਹੇ ਸਨ। ਬਹਾਦਰ ਹਰੀ ਸਿੰਘ ਨਲੂਆ ਦਾ ਪਠਾਣਾਂ ਨਾਲ ਲੜਾਈਆਂ ਉਪਰੰਤ ਅਜਿਹਾ ਸਿੱਕਾ ਬੈਠਾ ਕਿ ਪਠਾਣ ਸ੍ਰ. ਹਰੀ ਸਿੰਘਦਾ ਨਾਂ ਸੁਣ ਕੇ ਹੀ ਡਰਦੇ ਕੰਬਣ ਲੱਗ ਪੈਂਦੇ ਸਨ। ਪਠਾਣੀ ਮਾਵਾਂ, ਬੱਚਿਆਂ ਨੂੰ ਜੋ ਰੋਣਾ ਬੰਦ ਨਾ ਕਰਦੇ, ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ ''ਚੁੱਪ ਸ਼ਾ ਬਚਿਆ! ਹਰੀਆ ਰਾਗਲੇ।'' ਅਰਥਾਤ ਪੁੱਤਰਾ ਚੁੱਪ ਕਰ ਜਾ, ਹਰੀ ਸਿੰਘ ਆਉਂਦਾ ਪਿਆ ਹੈ।

ਜਮਰੌਦ ਦਾ ਕਿਲ੍ਹਾ ਜਿਹੜਾ ਕਿ ਦੱਰਾ ਖੈਬਰ ਦੇ ਸ਼ੁਰੂ ਵਿਚ ਸੀ ਨੂੰ ਬਣਾਉਣ ਅਤੇ

ਸਰਹੱਦੀ ਤਿਆਰੀਆਂ ਕਰਾਉਣ ਕਰਕੇ ਸ੍ਰ. ਹਰੀ ਸਿੰਘ ਬਿਮਾਰ ਹੋ ਗਏ। ਇਸ ਮੌਕੇ ਦਾ ਫਾਇਦਾ ਉਠਾ ਕੇ ਅਮੀਰ ਦੋਸਤ ਮੁਹੰਦ ਖਾਂ ਨੇ ਜਮਰੌਦ ਦੇ ਕਿਲ੍ਹੇ ਤੇ ਆਪਣੇ ਪੰਜ ਪੁੱਤਰਾਂ ਨੂੰ ਸ਼ਹੀਦੀ ਗਾਨ੍ਹਾ ਬੰਨ੍ਹ ਕੇ 30, 000 ਫੌਜ ਸਮੇਤ ਕਾਬਲ ਵੱਲ ਤੋਰ ਦਿੱਤਾ। ਇਹ ਸਾਰਾ ਲਸ਼ਕਰ 24 ਅਪ੍ਰੈਲ ਨੂੰ ਲੁੰਡੀ ਖਾਨ ਪਹੁੰਚ ਗਿਆ ਤੇ ਇਸ ਮੁਹਿੰਮ ਦਾ ਮੁਖੀ ਨਾਇਬੁਲ ਸਲਤਨਤ ਮਿਰਜ਼ਾ ਸਮੀ ਖਾਨ ਨੂੰ ਬਣਾਇਆ ਗਿਆ।

ਕਾਬਲ ਦੀ ਫੌਜ ਦੀਆਂ ਖਬਰਾਂ ਸ੍ਰ. ਹਰੀ ਸਿੰਘ ਜੀ ਲਾਹੌਰ ਸਰਕਾਰ ਨੂੰ ਚਿੱਠੀਆਂ ਰਾਹੀਂ ਭੇਜਦੇ ਰਹੇ, ਪਰ ਇਕ ਵੀ ਚਿੱਠੀ ਧਿਆਨ ਸਿੰਹੁ ਡੋਗਰੇ ਦੇ ਕਾਰਣ ਮਹਾਰਾਜਾ ਸਾਹਿਬ ਤੱਕ ਨਾ ਪਹੁੰਚ ਸਕੀ।

ਜਦੋਂ ਪਠਾਣੀ ਲਸ਼ਕਰ ਜਮਰੌਦ ਕੋਲ ਪੁੱਜਾ, ਉਸ ਸਮੇਂ ਸ੍ਰ. ਮਹਾਂ ਸਿੰਘ ਮੀਰ ਕੋਟੀਆ ਕੇਵਲ 800 ਫੌਜੀ ਸਰਦਾਰਾਂ ਨਾਲ ਉਥੇ ਰਹਿੰਦਾ ਸੀ, ਪਰ ਫਿਰ ਵੀ ਸਿੰਘਾਂ ਨੇ ਬੰਦੂਕਾਂ ਨਾਲ ਪਠਾਣਾਂ ਦੀਆਂ ਲੋਥਾਂ ਦੇ ਸੱਥਰ ਵਿਛਾ ਦਿੱਤੇ ਤੇ ਕਿਲ੍ਹੇ ਦੇ ਨੇੜੇ ਨਾ ਲੱਗਣ ਦਿੱਤਾ।

ਅਗਲੇ ਦਿਨ 29 ਅਪ੍ਰੈਲ ਨੂੰ ਸਮੀ ਖਾਨ ਨੇ ਵੱਡੀਆਂ ਤੋਪਾਂ ਨੂੰ ਅੱਗੇ ਕਰਕੇ ਹੱਲਾ ਬੋਲ ਦਿੱਤਾ। ਤੋਪਾਂ ਨਾਲ ਕਿਲ੍ਹੇ ਦੀ ਪੱਛਮੀ ਬਾਹੀ ਵਿਚ ਪਾੜ ਪੈ ਗਿਆ। ਸ੍ਰ. ਮਹਾਂ ਸਿੰਘ ਨੇ ਆਪਣੇ ਸਰਦਾਰਾਂ ਨੂੰ ਇਕੱਠੇ ਕਰਕੇ ਪਾੜ ਨੂੰ ਰਾਤ ਭਰ ਵਿਚ ਮਿੱਟੀ ਦੀਆਂ ਬੋਰੀਆਂ ਨਾਲ ਭਰ ਦਿੱਤਾ ਅਤੇ ਬੀਬੀ ਸ਼ਰਣ ਕੌਰ ਰਾਹੀਂ ਸ੍ਰ. ਹਰੀ ਸਿੰਘ ਤੱਕ ਇਹ ਸਾਰੀ ਖਬਰ ਪਹੁੰਚਾ ਦਿੱਤੀ। ਸ੍ਰ. ਹਰੀ ਸਿੰਘ ਦੀ ਬਿਮਾਰੀ ਕਾਰਨ ਵੈਦਾਂ ਨੇ ਜਾਣ ਤੋਂ ਮਨ੍ਹਾ ਕੀਤਾ, ਪਰ ਆ ਨੇ ਅੱਗੋਂ ਜੁਆਬ ਦਿੱਤਾ ਕਿ "ਜੇ ਕੌਮ ਨੂੰ ਲੋੜ ਹੈ, ਤਾਹੀਉਂ ਤਾਂ ਮੈਂ ਆਪਣਾ ਆਪ ਪੰਥ ਤੋਂ ਵਾਰਨ ਲਈ ਚਲਿਆ ਹਾਂ।"

ਸ੍ਰ. ਹਰੀ ਸਿੰਘ ਜੀ ਆਪਣੀ ਪੰਜ ਹਜ਼ਾਰ ਫੌਜ ਸਮੇਤ ਪਹੁੰਚੇ। ਜਾਂਦਿਆਂ ਹੀ ਪਠਾਣਾਂ ਦੀ ਫੌਜ ਨੂੰ ਚਾਰੇ ਪਾਸਿਉਂ ਤੋਂ ਘੇਰ ਲਿਆ। ਕੁਝ ਤਾਂ ਹਰੀ ਸਿੰਘ ਦੇ ਆਉਣ ਦੀ ਖਬਰ ਸੁਣ ਕੇ ਹੀ ਮੈਦਾਨ ਛੱਡ ਗਏ, ਪਰ ਮਿਰਜ਼ਾ ਸਮੀ ਖਾਨ ਤੇ ਜ਼ਖਮੀ ਹੋ ਕੇ ਜ਼ਮੀਨ ਤੇ ਡਿੱਗ ਪਿਆ ਅਤੇ ਉਸਦੀ ਫੌਜ ਵਿਚ ਭੱਜ ਦੌੜ ਮੱਚ ਗਈ। ਸ੍ਰ. ਹਰੀ ਸਿੰਘ ਪਠਾਣਾਂ ਦਾ ਪਿੱਛਾ ਕਰਦੇ ਅਜੇ ਖੈਬਰ ਦੱਰੇ ਦੇ ਨੇੜੇ ਹੀ ਗਏ ਸਨ ਕਿ ਗੱਦਾਰ ਡੋਗਰਿਆਂ ਦੀ ਸਾਜ਼ਿਸ਼ ਅਨੁਸਾਰ ਪਹਾੜੀ ਓਹਲੇ ਹੋ ਕੇ ਆਪਣੇ ਹੀ ਜਥੇ ਦੇ ਇਕ ਪਠਾਣ ਨੇ ਉਨ੍ਹਾਂ ਤੇ ਗੋਲੀਆਂ ਚਲਾ ਦਿੱਤੀਆਂ ਤੇ ਹਰੀ ਸਿੰਘ ਜੀ ਦੇ ਦੋ ਗੋਲੀਆਂ ਲੱਗੀਆਂ। ਜਿਸ ਕਾਰਨ ਆਪ ਜੀ ਗੰਭੀਰ ਜ਼ਖਮੀ ਹੋ ਗਏ। ਅੰਤਿਮ ਸਮੇਂ ਸ੍ਰ. ਮਹਾਂ ਸਿੰਘ ਨੂੰ ਹਦਾਇਤ ਕੀਤੀ ਕਿ ਜਦ ਤੱਕ ਲਾਹੌਰ ਤੋਂ ਫੌਜੀ ਮਦਦ ਨਾ ਪਹੁੰਚੇ ਮੇਰੀ ਸ਼ਹੀਦੀ ਨੂੰ ਗੁਪਤ ਰੱਖਣਾ ਤੇ ਆਪ ਸਦਾ ਦੀ ਨੀਂਦ ਸੌਂ ਗਏ। ਇਸ ਲੜਾਈ ਵਿਚ ਜਿੱਤ ਬੇਸ਼ੱਕ ਖਾਲਸੇ ਦੀ ਹੋਈ, ਪਰ ਆਪ ਜੀ ਦੀ ਸ਼ਹੀਦੀ ਕਾਰਨ ਸਾਰੀ ਫੌਜ ਵਿਚ ਸੰਨਾਟਾ ਛਾ ਗਿਆ। ਖਾਲਸੇ ਦੀ ਪਠਾਣਾਂ ਨਾਲ ਇਹ ਆਖਰੀ ਜੰਗ ਸੀ। ਇਸ ਦਿਨ ਤੋਂ ਬਾਅਦ ਕਦੇ ਵੀ ਹਿੰਦੁਸਤਾਨ ਤੇ ਅਫਗਾਨਿਸਤਾਨ ਵਲੋਂ ਹਮਲਾ ਨਾ ਹੋਇਆ ਤੇ ਇਸ ਦਿਨ ਤੋਂ ਬਾਅਦ ਖਾਲਸਾ ਰਾਜ ਵਿਚ ਕੋਈ ਨਵਾਂ ਇਲਾਕਾ ਸ਼ਾਮਿਲ ਨਾ ਕੀਤਾ ਗਿਆ। -0-

9. ਖੰਡੇ ਦੀ ਪਾਹੁਲ

ਸਿੱਖ ਧਰਮ ਅੰਦਰ ਪ੍ਰਵੇਸ਼ ਕਰਨ ਲਈ ਖੰਡੇ ਦੀ ਪਾਹੁਲ ਲੈਣ ਦੀ ਮਰਿਯਾਦਾ ਹੈ। ਇਸ ਨੂੰ ਖੰਡੇ ਦੀ ਪਾਹੁਲ ਪੰਜ ਰਹਿਤਵਾਨ ਸਿੰਘ ਜਾਂ ਸਿੰਘਣੀਆਂ, ਪੰਜ ਪਿਆਰਿਆਂ ਦੇ ਰੂਪ ਵਿਚ ਇਕੱਤਰ ਹੋ ਕੇ ਬਾਣੀਆਂ ਦਾ ਪਾਠ ਕਰਕੇ ਤਿਆਰ ਕਰਦੇ ਹਨ ਤੇ ਜਗਿਆਸੂ ਨੂੰ ਛਕਾਉਂਦੇ ਹਨ। ਉਪਰੰਤ ਰਹਿਣੀ ਰਹਿਤ ਤੇ ਨਿਯਮ ਦੱਸ ਕੇ ਸਿੱਖ ਜੀਵਨ ਜਾਚ ਦ੍ਰਿੜ ਕਰਵਾਉਂਦੇ ਹਨ। ਪੰਜ ਕਕਾਰ ਧਾਰਨ ਕਰਕੇ ਇਸ ਵਿਧੀ ਨਾਲ ਖੰਡੇ ਦੀ ਪਾਹੁਲ ਲੈਣ ਵਾਲਾ ਵਿਅਕਤੀ ਸਿੱਖ ਪੰਥ ਦਾ ਹਿੱਸਾ ਬਣ ਜਾਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਜੀਵਨ ਬਤੀਤ ਕਰਦਾ ਹੈ।

ਇਹ ਖੰਡੇ ਦੀ ਪਾਹੁਲ ਦੇਣੀ 1699 ਦੀ ਵੈਸਾਖੀ ਨੂੰ ਪ੍ਰਚੱਲਿਤ ਹੋਈ, ਜਦੋਂ ਦਸਵੇਂ ਗੁਰੂ, ਗੁਰੂ ਗੋਬਿੰਦ ਰਾਏ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ, ਖੰਡੇ ਦੀ ਪਾਹੁਲ ਤਿਆਰ ਕਰਕੇ ਉਨ੍ਹਾਂ ਨੂੰ ਛਕਾਈ ਤੇ ਉਨ੍ਹਾਂ ਕੋਲੋਂ ਆਪ ਛਕ ਕੇ ਇਹ ਮਰਿਯਾਦਾ ਤੋਰੀ। ਉਨ੍ਹਾਂ ਹੁਕਮ ਕੀਤਾ ਕਿ ਹਰ ਗੁਰੂ ਨਾਨਕ ਨਾਮ ਲੇਵਾ ਪੰਜਾਂ ਪਿਆਰਿਆਂ ਦੁਆਰਾ ਦਿੱਤੀ ਜਾਂਦੀ ਖੰਡੇ ਦੀ ਪਾਹੁਲ ਛਕੇ।

ਗੁਰੂ ਧਾਰਨ ਕਰਨ ਦੀਆਂ ਸੰਸਾਰ ਅੰਦਰ ਕਈ ਰਸਮਾਂ ਪ੍ਰਚੱਲਿਤ ਰਹੀਆਂ ਹਨ, ਜਦੋਂ ਕੋਈ ਗੁਰੂ, ਪੀਰ, ਮੁਰਸ਼ਦ ਲੋਕਾਂ ਨੂੰ ਕਿਸੇ ਰਸਮ ਅਧੀਨ ਆਪਣਾ ਚੇਲਾ ਬਣਾਉਂਦਾ ਹੈ। ਹਿੰਦੁਸਤਾਨ ਵਿਚ ਐਸੀ ਰਸਮ ਨੂੰ ਗੁਰੂ ਦੀਖਿਆ, ਗੁਰਮੰਤਰ ਦੇਣਾ ਜਾਂ ਗੁਰੂ ਧਾਰਨ ਕਰਨਾ ਕਹਿੰਦੇ ਹਨ, ਭਾਂਵੇ ਇਹ ਸ਼ਬਦ ਗੁਰੂ ਦੀ ਸਿਖਿਆ ਲਈ ਵੀ ਵਰਤੇ ਜਾਂਦੇ ਹਨ। ਇਸ ਰਸਮ ਅਧੀਨ ਜਗਿਆਸੂ ਇਹ ਇਰਾਦਾ ਧਾਰਨ ਕਰਦਾ ਜਾਂ ਪ੍ਰਣ ਕਰਦਾ ਹੈ ਕਿ ਅੱਜ ਤੋਂ ਮੈਂ ਇਸਦਾ ਚੇਲਾ ਹੋਇਆ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ 1699 ਦੀ ਵੈਸਾਖੀ ਤੋਂ ਪਹਿਲਾਂ ਗੁਰੂ ਸਾਹਿਬ 'ਚਰਨ ਪਾਹੁਲ' ਦੇਂਦੇ ਸਨ, ਭਾਂਵੇ ਇਸ ਦਾ ਆਮ ਪ੍ਰਚਲਨ ਨਾ ਹੋਵੇ ਪਰ ਗੁਰੂ ਦੀ ਨੇੜਤਾ ਪ੍ਰਾਪਤ ਕਰਨ ਵਾਲੇ ਜਾਂ ਗੁਰੂ ਨੂੰ ਸਮਰਪਿਤ ਹੋ ਜਾਣ ਵਾਲੇ ਸਿੱਖਾਂ ਨੂੰ ਦਿੱਤੀ ਜਾਂਦੀ ਹੋਵੇਗੀ। 'ਚਰਨ ਪਾਹੁਲ' ਬਾਰੇ ਭਾਂਵੇ ਹੋਰ ਖੋਜ ਵਿਚਾਰ ਦੀ ਲੋੜ ਹੋਵੇ ਪਰ ਇਤਿਹਾਸ ਵਿਚ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਇਸ ਬਾਰੇ ਸੰਕੇਤ ਮਿਲਦੇ ਹਨ :-

ਚਰਨ ਧੋਇ ਰਹਿਰਾਸ ਕਰਿ ਚਰਨਾਮ੍ਰਿਤ ਸਿਖਾ ਪਿਲਾਇਆ

(ਵਾਰ-੧-ਭਾ.-ਗੁ.)

ਚਰਨੋਦਕ ਲੈ ਆਂਚਮਨ ਹਉਮੈ ਦੁਬਿਧਾ ਰੋਗ ਗਵਾਏ

(ਵਾਰ-੧੬/੧੯-ਭਾ.-ਗੁ.)

ਬੰਸਾਵਲੀ ਨਾਮੇ ਵਿਚ ਜ਼ਿਕਰ ਮਿਲਦਾ ਹੈ ਕਿ ਪੰਜਾਂ ਸਿੱਖਾਂ ਦੁਆਰਾ ਚਰਨਾਮ੍ਰਿਤ ਦੇ ਕੇ ਹੋਰਾਂ ਨੂੰ ਸਿੱਖ ਬਣਾਉਣ ਦਾ ਹੁਕਮ ਛੇਂਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ

ਦਿੱਤਾ। ਦਸਵੇਂ ਪਾਤਸ਼ਾਹ ਆਪ ਵੀ 1699 ਈ: ਦੀ ਵੈਸਾਖੀ ਤੋਂ ਪਹਿਲਾਂ ਚਰਨ ਪਾਹੁਲ ਦਿੰਦੇ ਰਹੇ, ਜਿਸ ਦੀ ਇਤਿਹਾਸਿਕ ਗਵਾਹੀ ਆਸਾਮ ਦੇ ਰਾਜਾ ਰਤਨ ਰਾਏ (ਜਿਸ ਨੇ ਪਰਸਾਦੀ ਹਾਥੀ ਤੇ ਪੰਜ ਕਲਾ ਸ਼ਸਤਰ ਭੇਟ ਕੀਤੇ ਸਨ) ਦੀ ਹੈ, ਜੋ ਕਿ ਗੁਰੂ ਗੋਬਿੰਦ ਰਾਏ ਜੀ ਕੋਲੋਂ ਚਰਨ ਪਾਹੁਲ ਲੈ ਕੇ ਸਿੱਖ ਬਣਿਆ ਸੀ।

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਦਿੱਲੀ ਆਗਮਨ ਸਮੇਂ ਚੁਬੱਚੇ ਦੇ ਜਲ ਵਿਚ ਚਰਨ ਛੁਹਾ ਕੇ ਵੱਡੀ ਗਿਣਤੀ ਵਿਚ ਆਈਆਂ ਸੰਗਤਾਂ ਨੂੰ ਛਕਾਉਣ ਦੀ ਘਟਨਾ 'ਚਰਨ ਪਾਹੁਲ' ਹੀ ਹੋ ਸਕਦੀ ਹੈ।

ਦਸ਼ਮੇਸ਼ ਪਾਤਸ਼ਾਹ ਨੇ ਕਿਹਾ ਕਿ ਹੁਣ ਚਰਨ ਪਾਹੁਲ ਦੀ ਰੀਤ ਬੰਦ ਕੀਤੀ ਜਾਂਦੀ ਹੈ ਤੇ ਜਿਸਨੇ ਅੱਗੇ ਚਰਨ ਪਾਹੁਲ ਲਈ ਹੋਈ ਹੈ ਉਹ ਵੀ ਖੰਡੇ ਦੀ ਪਾਹੁਲ ਛਕੇ, ਇੰਝ ਚਰਨ ਪਾਹੁਲ ਨੂੰ ਖੰਡੇ ਦੀ ਪਾਹੁਲ ਵਿਚ ਤਬਦੀਲ ਕਰ ਦਿੱਤਾ। ਸ਼ਖਸ਼ੀ ਗੁਰਿਆਈ ਵੀ ਅੱਗੋਂ ਉਨ੍ਹਾਂ ਸਮਾਪਤ ਕਰਨੀ ਸੀ ਸੋ ਇਕੱਲੇ ਗੁਰੂ ਸਰੀਰ ਦਾ ਇਹ ਅਧਿਕਾਰ ਸਮੂਹਕ ਅਧਿਕਾਰ (ਪੰਜ ਪਿਆਰਿਆਂ ਦੇ ਰੂਪ ਵਿਚ) ਬਣਾ ਦਿੱਤਾ ਗਿਆ।

ਪੰਜ ਕਕਾਰ ਤੇ ਚਾਰ ਕੁਰਹਿਤਾਂ ਹੌਲੀ ਹੌਲੀ ਸਾਡੀ ਰਹਿਤ ਦਾ ਅੰਤਿਮ ਰੂਪ ਹੋ ਗਏ। ਇਹ ਕੋਈ 1699 ਦੀ ਵੈਸਾਖੀ ਨੂੰ ਨਿਕਲੀ ਨਵੀਂ ਕਾਂਡ ਨਹੀਂ ਸੀ ਜਿਵੇਂ ਕਿ ਅੱਜ ਕੱਲ੍ਹ ਗੁਰੂ ਨਾਨਕ ਸਾਹਿਬ ਤੋਂ ਲੈ ਕੇ 1699 ਦੀ ਵੈਸਾਖੀ ਤੱਕ ਤੇ ਬਾਅਦ ਦੇ ਸਮੇਂ ਨੂੰ ਦੋ ਵੱਖ ਵੱਖ ਵਿਚਾਰਧਾਰਾਵਾਂ ਵਿਚ ਵੰਡ ਦਿੱਤਾ ਗਿਆ ਹੈ ਤੇ ਇਹ ਪ੍ਰਚਾਰ ਦਿੱਤਾ ਗਿਆ ਕਿ ਸਿੱਖ ਹੋਰ ਹੈ ਸਿੰਘ ਹੋਰ ਹੈ ਤੇ ਖਾਲਸਾ ਹੋਰ ਹੈ। ਅੰਮ੍ਰਿਤਧਾਰੀ ਤੇ ਗੈਰ ਅੰਮ੍ਰਿਤਧਾਰੀ ਵੱਖ ਵੱਖ ਸਿੱਖ ਬਣਾ ਦਿੱਤੇ ਗਏ ਹਨ ਜਦੋਂ ਕਿ ਸਿੱਖ ਇਕ ਹੀ ਤਰ੍ਹਾਂ ਦਾ ਹੈ, ਉਹ, ਜੋ ਗੁਰੂ ਦੇ ਹੁਕਮ ਅਨੁਸਾਰ ਚਲਦਾ ਹੈ, ਯਥਾ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੈ ਵਿਚਿ ਆਵੈ॥

(ਸੋਰਠਿ, ਮ: ੩, ੬੦੧)

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥

(੭੬੩-੪, ਸੂਹੀ, ਮ: ੫)

ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਨਾ॥

(ਵਾਰ ੨੮/੧੦, ਭਾ. ਗੁ.)

1699 ਦੀ ਵਿਸਾਖੀ ਤੋਂ ਸਿੱਖਾਂ ਅੰਦਰ ਜੋ ਬਾਹਰੀ ਤਬਦੀਲੀਆਂ ਆਈਆਂ ਉਨ੍ਹਾਂ ਵਿਚ ਨਾਂਵਾ ਨਾਲ ਸਿੰਘ ਤੇ ਕੌਰ ਲਗਣਾ ਤੇ ਪੰਜ ਕਕਾਰ ਧਾਰਨ ਕਰਨੇ ਮੁੱਖ ਹਨ, ਜਿਸ ਕਰਕੇ ਸਿੱਖ ਵਿਚਾਰਧਾਰਾ ਤੋਂ ਅਣਜਾਣ ਮਨੁੱਖ ਨੂੰ ਇਹ ਬਣਤਰ ਵੱਖਰੀ ਨਜ਼ਰ ਆਉਂਦੀ ਹੈ।

ਹੁਣ ਖੰਡੇ ਦੀ ਪਾਹੁਲ ਨਾਲ ਸਬੰਧਤ ਪੰਜ ਕਕਾਰ ਤੇ ਚਾਰ ਕੁਰਹਿਤਾਂ ਬਾਰੇ ਵਿਚਾਰ ਕਰਨ ਦੀ ਲੋੜ ਹੈ ਕਿਉਂਕਿ ਪ੍ਰਚਾਰ ਪ੍ਰਬੰਧ 'ਤੇ ਕੋਈ ਪੰਥਕ ਕੁੰਡਾ (ਅੰਕੁਸ਼) ਨਾ ਹੋਣ ਕਾਰਨ ਹਰ ਕੋਈ ਇਨ੍ਹਾਂ ਬਾਰੇ ਆਪਣੇ-ਆਪਣੇ ਵਿਚਾਰ ਪ੍ਰਚਾਰੀ ਜਾ ਰਿਹਾ ਹੈ, ਜਿਸ

ਕਾਰਨ ਕਈ ਭਰਮ ਭੁਲੇਖੇ ਪੈਦਾ ਹੁੰਦੇ ਜਾ ਰਹੇ ਹਨ ਤੇ ਇਨ੍ਹਾਂ ਦੀ ਰੂਪ ਰੇਖਾ ਹੋਰ ਦੀ ਹੋਰ ਹੋਈ ਜਾ ਰਹੀ ਹੈ।

ਪੰਜ ਕਕਾਰ :–

ਕੇਸ : ਅਸਲ ਵਿਚ ਪੰਜਕਕਾਰ ਹੌਲੀ ਹੌਲੀ ਗੁਰੂ ਨਾਨਕ ਸਾਹਿਬ ਦੀ ਇਸ ਪ੍ਰਭੂ ਭਗਤਾਂ ਦੀ ਜਮਾਤ ਨਾਲ ਜੁੜਦੇ ਆਏ ਹਨ ਤੇ ਦਸਮ ਪਾਤਸ਼ਾਹ ਨੇ ਕੇਵਲ ਇਸਦਾ ਅੰਤਿਮ ਸਰੂਪ ਬੰਨ੍ਹਿਆ ਹੈ। ਕੇਸ ਕੁਦਰਤੀ ਤੇ ਸ਼੍ਰੋਮਣੀ ਕਕਾਰ ਹੈ, ਕੇਸਾਂ ਬਿਨਾਂ ਕਕਾਰਾਂ ਦੀ ਮਹੱਤਤਾ ਘੱਟ ਜਾਂਦੀ ਹੈ–

ਕੜਾ ਕਾਰਦੋ ਕਛ ਕੰਘਾ ਬਿਦਾਂ, ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ...
ਕੇਸਾਧਾਰੀ ਗੁਰੂ ਨਾਨਕ ਸਾਹਿਬ ਸਨ ਤੇ ਉਨ੍ਹਾਂ ਦੇ ਸਮੇਂ ਤੋਂ ਹੀ ਆਮ ਸਿੱਖ ਕੇਸਾਧਾਰੀ ਹੀ ਹੁੰਦੇ ਰਹੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਮਰਦਾਨਾ ਜੀ ਨੇ ਭਾਈ ਨੀਰੂ ਜੀ ਨੂੰ ਸਿੱਖੀ ਅਸੂਲ ਸਮਝਾਉਣ ਵੇਲੇ ਤਿੰਨ ਜ਼ਰੂਰੀ ਨੁਕਤੇ ਦੱਸੇ ਜਿਨ੍ਹਾਂ 'ਚੋਂ ਇਕ ਸੀ "ਕੇਸ ਪੂਰੇ ਰੱਖਣੇ।" ਭਾਂਵੇ ਕੇਸਾਂ ਦੀ ਇਸ ਬਾਹਰੀ ਰਹਿਤ ਬਾਰੇ ਗੁਰੂ ਨਾਨਕ ਸਾਹਿਬ ਵਲੋਂ ਲਿਖਤੀ ਰੂਪ ਵਿਚ ਜ਼ਿਆਦਾ ਕੁਝ ਨਾ ਮਿਲੇ ਪਰ ਇਹ ਗੱਲ ਸਰਬ ਸਿੱਧ ਹੈ ਕਿ ਦਸੋਂ ਹੀ ਗੁਰੂ ਸਾਹਿਬਾਨ ਕੇਸਾਧਾਰੀ ਹੋਏ ਤੇ ਕੇਸਾਂ ਦੀ ਰਹਿਤ ਪਹਿਲੇ ਗੁਰੂ ਸਾਹਿਬ ਤੋਂ ਹੀ ਲਾਗੂ ਸੀ। ਇਹ ਕੋਈ 1699 ਦੀ ਵਿਸਾਖੀ ਨੂੰ ਆਰੰਭ ਹੋਈ ਰਹਿਤ ਨਹੀਂ।

ਕੰਘਾ : ਕੰਘਾ, ਕੇਸਾਧਾਰੀ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੰਘਾ, ਸਭਿਅਤਾ ਸ਼ੁਰੂ ਹੋਣ ਸਮੇਂ ਤੋਂ ਹੀ ਵਰਤਿਆ ਜਾ ਰਿਹਾ ਹੈ ਤੇ ਅੱਜ ਵੀ ਸਾਰੀ ਦੁਨੀਆਂ ਦੇ ਲੋਕ (ਮਰਦ ਤੇ ਇਸਤਰੀਆਂ) ਚਾਹੇ ਉਹ ਹਿੰਦੂ ਹੋਣ, ਮੁਸਲਮਾਨ ਹੋਣ, ਈਸਾਈ ਹੋਣ ਜਾਂ ਕੁਝ ਹੋਰ ਹੋਣ, ਸਾਰੇ ਹੀ ਕੇਸਾਂ ਦੀ ਸਫਾਈ ਲਈ ਕੰਘਾ ਵਰਤਦੇ ਹਨ ਭਾਂਵੇ ਕੇਸ ਕਟਾ ਕੇ ਛੋਟੇ ਰੱਖਣ, ਕੰਘੀ ਜਾਂ ਕੰਘਾ ਸਾਰੀ ਦੁਨੀਆਂ ਵਰਤ ਰਹੀ ਹੈ ਭਾਂਵੇ ਕਿਸੇ ਰੂਪ ਜਾਂ ਆਕਾਰ ਦਾ ਵਰਤਿਆ ਜਾ ਰਿਹਾ ਹੈ। ਛੋਟੇ ਤੋਂ ਛੋਟੇ ਕੇਸਾਂ ਵਾਲੇ ਮੋਨੇ ਵਿਅਕਤੀ ਵੀ ਜੇ ਕੇਸਾਂ ਦੀ ਸਫਾਈ ਨਾ ਰੱਖਣ ਤਾਂ ਉਨ੍ਹਾਂ ਨੂੰ ਵੀ ਜੂੰਆਂ ਆਦਿ ਪੈ ਜਾਂਦੀਆਂ ਹਨ, ਸੋ ਕੇਸਾਂ ਦੀ ਸਫਾਈ ਲਈ ਕੰਘੇ ਦੀ ਅਤਿਅੰਤ ਲੋੜ ਹੈ। ਸਿੱਖਾਂ ਲਈ ਇਹ ਜ਼ਰੂਰੀ ਹੈ ਕਿ ਕੰਘਾ ਹਰ ਵੇਲੇ ਆਪਣੇ ਨਾਲ ਰੱਖਣ। ਆਮ ਪ੍ਰਾਪਤ ਹੋਣ ਤੇ ਇਕਸਾਰਤਾ ਲਈ ਲੱਕੜੀ ਦਾ ਬਣਿਆ ਕੰਘਾ ਰੱਖਿਆ ਜਾਂਦਾ ਹੈ।

ਕਛਿਹਰਾ : ਕਛਿਹਰਾ ਵੀ ਐਸਾ ਕਰਾਰ ਹੈ ਜੋ 1699 ਦੀ ਵਿਸਾਖੀ ਤੋਂ ਪਹਿਲਾਂ ਹੀ ਸਿੱਖ ਪੰਥ ਨਾਲ ਜੁੜ ਗਿਆ ਸੀ। ਕਛਿਹਰਾ ਪੁਰਾਣੇ ਸਮੇਂ ਤੋਂ ਹੀ ਬਹਾਦਰ ਤੇ ਪਹਿਲਵਾਨ ਲੋਕ ਪਾਉਂਦੇ ਸਨ। ਇਹ ਬਹਾਦਰ ਤੇ ਸਾਊ ਲੋਕਾਂ ਦਾ ਪਹਿਰਾਵਾ ਰਿਹਾ ਹੈ। ਪੁਰਾਣੇ ਸੂਰਮੇ ਤੇ ਬਲਸ਼ਾਲੀ ਵਿਅਕਤੀ ਇਸਨੂੰ ਪਾਉਂਦੇ ਸਨ। ਛੇਵੇਂ ਪਾਤਸ਼ਾਹ ਵੇਲੇ ਸਿੱਖ ਸਿਪਾਹੀ ਵੀ ਇਸਨੂੰ ਪਾਉਣ ਲੱਗ ਪਏ ਸਨ। ਸਿੱਖਾਂ ਨੂੰ ਸੰਤ ਦੇ ਨਾਲ ਨਾਲ ਗੁਰੂ ਸਾਹਿਬ ਨੇ ਸਿਪਾਹੀ ਵੀ ਬਣਾਇਆ ਹੈ ਤੇ 1699 ਨੂੰ ਸਿੰਘ ਸਜਾਉਣ ਲਗਿਆ ਕਛਿਹਰਾ ਕਰਾਰਾਂ ਵਿਚ ਸ਼ਾਮਲ ਕਰ ਦਿੱਤਾ ਗਿਆ ਤੇ ਸਦਾ ਵਾਸਤੇ ਸਿੱਖਾਂ ਦੀ ਵਰਦੀ ਦਾ ਹਿੱਸਾ ਬਣ

ਗਿਆ।

ਕਿਰਪਾਨ : ਕਿਰਪਾਨ ਵੀ ਸਿੱਖਾਂ ਨਾਲ ਛੇਵੇਂ ਪਾਤਸ਼ਾਹ ਦੇ ਵੇਲੇ ਤੋਂ ਹੀ ਜੁੜ ਗਈ ਜਦੋਂ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਸਿੱਖਾਂ ਨੂੰ ਹਥਿਆਰਬੰਦ ਹੋਣ ਦਾ ਹੁਕਮ ਦਿੱਤਾ। ਹਥਿਆਰਬੰਦ ਵਿਅਕਤੀਆਂ ਲਈ ਕਿਰਪਾਨ ਇਕ ਜ਼ਰੂਰੀ ਹਥਿਆਰ ਹੈ। ਅਜੋਕੇ ਸਮੇਂ ਵੀ ਕਿਰਪਾਨ ਫੌਜਾਂ ਵਿਚ ਸਨਮਾਨ ਦੀ ਨਿਸ਼ਾਨੀ ਬਣੀ ਹੋਈ ਹੈ। ਦੂਜਾ, ਕਿਰਪਾਨ ਹਮੇਸ਼ਾਂ ਮਾਰਕ ਹਥਿਆਰ। (ਪਿਸਤੌਲ ਵਗੈਰਾ ਗੋਲੀਆਂ ਖਤਮ ਹੋਣ ਤੇ ਖਿਡਾਉਣਾ ਮਾਤਰ ਹੈ ਜੋ ਕਿਸੇ ਨੂੰ ਜ਼ਖਮੀ ਵੀ ਨਹੀਂ ਕਰ ਸਕਦੀ) ਇਸ ਤੋਂ ਇਲਾਵਾ ਅਸੀਂ ਮੌਕੇ ਦੇ ਨਵੀਨਤਮ ਹਥਿਆਰ ਰੱਖ ਸਕਦੇ ਹਾਂ। ਇਹ ਨਹੀਂ ਕਿ ਸਿੱਖ ਨੇ ਕੇਵਲ ਕਿਰਪਾਨ ਨਾਲ ਹੀ ਲੜਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਕਾਰਾਂ ਵਿਚ ਕਿਰਪਾਨ ਨੂੰ ਸ਼ਾਮਿਲ ਕੀਤਾ, ਪਰ ਲੜਾਈ ਵੇਲੇ ਉਹ ਮੌਕੇ ਦੇ ਸਾਰੇ ਹਥਿਆਰ ਵਰਤਦੇ ਰਹੇ। ਤੀਰ ਤੇ ਬੰਦੂਕ ਦੀ ਵੀ ਬਹੁਤੀ ਵਰਤੋਂ ਉਨ੍ਹਾਂ ਕੀਤੀ ਹੈ। ਕਿਰਪਾਨ ਸਾਡੀ ਘੱਟੋ ਘੱਟ ਲੋੜ ਹੈ ਤੇ ਇਹ ਸਿੱਖ ਦੇ ਹਥਿਆਰਬੰਦ ਹੋਣ ਦੀ ਪ੍ਰਤੀਕ ਹੈ।

ਕੜਾ : ਕੜਾ, ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖਾਂ ਦੀ ਪਰਖ ਦੀ ਘਟਨਾ ਨਾਲ ਜੁੜਿਆ ਹੋਇਆ ਇਕ ਕਰਾਰ ਹੈ। ਕੜਾ ਸਿੱਖਾਂ ਦੀ ਵਹਿਮਾਂ ਭਰਮਾਂ ਨੂੰ ਜਿੱਤਣ ਦੀ ਯਾਦਗਾਰ ਹੈ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਪਰਖਣ ਲੀ ਵੇਦਵੇ ਨੂੰ ਸ਼ਨੀ ਦਾ ਦਾਨ, ਸਰ੍ਹੋਂ ਦਾ ਤੇਲ, ਮਾਂਹ ਤੇ ਲੋਹਾ ਦਿੱਤੇ। ਸਿੱਖਾਂ ਨੇ ਚੁੱਪ ਚਾਪ ਬਾਹਰ ਜਾ ਕੇ ਵੇਦਵੇ ਕੋਲੋਂ ਇਹ ਸਾਰੀਆਂ ਚੀਜ਼ਾਂ ਵਾਪਸ ਲੈ ਲਈਆਂ। ਮਾਂਹ ਦੀ ਦਾਲ ਦੇ ਵੜੇ ਬਣਾ ਕੇ ਤੇਲ ਵਿਚ ਤਲ ਲਏ ਤੇ ਸਭ ਨੂੰ ਛਕਾ ਦਿੱਤੇ। ਲੁਹਾਰ ਕੋਲੋਂ ਲੋਹੇ ਦੇ ਕੜੇ ਬਣਵਾ ਕੇ ਬਾਹਾਂ ਵਿਚ ਪਾ ਲਏ ਤੇ ਇੰਝ ਦਾਨ ਦਾ ਸਾਰਾ ਸਾਮਾਨ ਵਰਤ ਲਿਆ। ਜਦੋਂ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਏ ਕਿ ਸਿੱਖ ਵਹਿਮਾਂ ਭਰਮਾਂ ਤੋਂ ਉਤਾਂਹ ਉਠ ਚੁੱਕੇ ਹਨ। ਕੜੇ ਨੂੰ ਕਕਾਰਾਂ ਵਿਚ ਸ਼ਾਮਿਲ ਕਰਕੇ ਗੁਰੂ ਸਾਹਿਬ ਨੇ ਇਸ ਨੂੰ ਸਦੀਵੀ ਤੌਰ ਤੇ ਸਿੱਖਾਂ ਦੀ ਵਰਦੀ ਦਾ ਅੰਗ ਬਣਾ ਦਿੱਤਾ। ਬਾਂਹ ਵਿਚ ਪਾਇਆ ਹੋਇਆ ਕੜਾ ਕਿਰਪਾਨ ਆਦਿ ਹਥਿਆਰ ਦੇ ਵਾਰ ਤੋਂ ਵੀ ਬਾਂਹ ਨੂੰ ਬਚਾਉਂਦਾ ਹੈ, ਸੋ ਇੰਝ ਇਸਦੀ ਵਰਤੋਂ ਵੀ ਹੈ।

ਚਾਰ ਕੁਰਹਿਤਾਂ :– ਚਾਰ ਕੁਰਹਿਤਾਂ ਵੀ ਕੋਈ ਐਸੀ ਅਨੋਖੀ ਬੰਦਿਸ਼ ਨਹੀਂ ਜੋ 1699 ਦੀ ਵਿਸਾਖੀ ਨੂੰ ਹੀ ਲਾਗੂ ਹੋਈ ਹੋਵੇ। ਕਿਸੇ ਨਾ ਕਿਸੇ ਰੂਪ ਵਿਚ ਇਹ ਕੁਰਹਿਤਾਂ ਪਹਿਲੇ ਗੁਰੂਆਂ ਤੋਂ ਹੀ ਵਿਵਰਜਿਤ ਰਹੀਆਂ ਹਨ ਤੇ ਖਾਲਸਾ ਪ੍ਰਗਟ ਕਰਨ ਸਮੇਂ ਇਹਨਾਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ।

ਕੇਸ ਕੱਟਣੇ :– ਕੇਸਾਧਾਰੀ ਰਹਿਣ ਦਾ ਹੁਕਮ ਪਹਿਲੇ ਗੁਰੂ ਸਾਹਿਬ ਤੋਂਹੀ ਲਾਗੂ ਸੀ। ਕੇਸ ਸ਼੍ਰੋਮਣੀ ਕਕਾਰ ਹੈ। ਕੇਸਾਂ ਨੂੰ ਕੱਟਣਾ ਬਜਰ ਕੁਰਹਿਤਾਂ ਵਿਚ ਸ਼ਾਮਿਲ ਕੀਤਾ ਗਿਆ। ਕੇਸ ਸਿੱਖਾਂ ਦੀ ਮੁੱਖ ਨਿਸ਼ਾਨੀ ਹੈ, ਸੋ ਕੇਸ ਨਾ ਕਟਾਉਣੇ ਕੋਈ ਨਵੀਂ ਪਾਬੰਧੀ ਨਹੀਂ ਜੋ ਦਸਮ ਪਾਤਸ਼ਾਹ ਨੇ ਹੀ ਲਾਈ ਹੋਵੇ।

ਕੁੱਠਾ ਖਾਣਾ :– ਸਵੈਮਾਨਤਾ ਦਾ ਪ੍ਰਚਾਰ ਸਭ ਗੁਰੂਆਂ ਵਲੋਂ ਹੁੰਦਾ ਆਇਆ ਹੈ। ਕੁੱਠਾ ਨਾ ਖਾਣ ਦਾ ਹੁਕਮ ਸਵੈਮਾਨਤਾ ਦਾ ਪ੍ਰਤੀਕ ਹੈ। ਕਿਉਂਕਿ ਗੈਰ ਮੁਸਲਮਾਨਾਂ ਨੂੰ ਕਲਮਾਂ ਪੜ੍ਹ ਕੇ ਤਿਆਰ ਕੀਤਾ ਗਿਆ ਕੁੱਠਾ ਮਾਸ ਹੀ ਖਾਣਾ ਪੈਂਦਾ ਸੀ। ਇਹ ਗੁਲਾਮੀ ਦੀ ਨਿਸ਼ਾਨੀ ਸੀ। ਦੂਜਾ ਪੱਖ ਇਹ ਹੈ ਕਿ ਸਿੱਖ ਨੇ ਅਖੌਤੀ ਭੇਟ ਚੜ੍ਹੀ ਵਸਤੂ (ਮੰਤਰ ਜਾਂ ਕਲਮਾਂ ਪੜ੍ਹ ਕੇ ਕਿਸੇ ਇਸ਼ਟ ਨੂੰ ਭੇਟ ਕੀਤੀ) ਨਹੀਂ ਖਾਣੀ, ਜਿਵੇਂ ਰੋਟੀ ਤਾਂ ਅਸੀਂ ਖਾਣੀ ਹੈ ਪਰ ਸਖੀ ਸਰਵਰ ਵਾਲੀ ਕਲਮਾਂ ਪੜ੍ਹ ਕੇ ਭੇਟ ਚੜ੍ਹਾਈ ਰੋਟੀ (ਰੋਟ) ਅਸੀਂ ਨਹੀਂ ਖਾਂਦੇ।

ਪਰ–ਸੰਗਿ ਕਰਨਾ :– ਉੱਚਾ ਸੁੱਚਾ ਜੀਵਨ ਬਣਾਉਣ ਲਈ ਵਿਭਚਾਰ ਤੋਂ ਬਚਣਾ ਜ਼ਰੂਰੀ ਹੈ। ਪਰ-ਸੰਗ ਤੋਂ ਬਚਣ ਦੀਆਂ ਹਦਾਇਤਾਂ ਗੁਰਬਾਣੀ ਅੰਦਰ ਮੌਜੂਦ ਹਨ।

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹ॥

(੪੦੩, ਆਸਾ ਮ: ੫)

ਘਰਿ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥

(੧੧੬੫-੧, ਭੈਰਉ, ਭਗਤ ਨਾਮਦੇਵ ਜੀ)

ਸੋ ਇਹ ਕੁਰਹਿਤ ਵੀ ਐਸੀ ਬੰਦਿਸ਼ ਨਹੀਂ ਜੋ 1699 ਦੀ ਵਿਸਾਖੀ ਤੋਂ ਹੀ ਲਾਗੂ ਹੋਈ ਹੋਵੇ, ਪਹਿਲੇ ਗੁਰੂਆਂ ਤੋਂ ਹੀ ਅਜਿਹੇ ਹੁਕਮ ਲਾਗੂ ਰਹੇ ਹਨ।

ਤੰਮਾਕੂ ਵਰਤਣਾ :– ਨਸ਼ਈ ਮਨੁੱਖ ਦੀ ਸੁਰਤ ਕਦੇ ਕਾਇਮ ਨਹੀਂ ਰਹਿ ਸਕਦੀ ਤੇ ਸੁਰਤ ਨੂੰ ਭਜਨ ਤੇ ਪਰ ਉਪਕਾਰ ਵੱਲ ਲਗਾਉਣਾ ਤਾਂ ਦੂਰ ਦੀ ਗੱਲ ਹੈ। ਗੁਰਬਾਣੀ ਸਾਨੂੰ ਹਰੇਕ ਨਸ਼ੇ ਤੋਂ ਵਰਜਦੀ ਹੈ ਕਿਉਂਕਿ ਨਸ਼ੇ ਮਨੁੱਖ ਦੇ ਸਰੀਰ ਤੇ ਮਨ ਲਈ ਬਹੁਤ ਹਾਨੀਕਾਰਕ ਹਨ। ਇਸ ਲਈ ਤੰਮਾਕੂ ਵਰਤਣ ਦੀ ਮਨਾਹੀ ਦਾ ਹੁਕਮ ਵੀ ਅਨੋਖਾ ਨਹੀਂ, ਜੋ ਦਸਮ ਪਾਤਸ਼ਾਹ ਨੇ ਹੀ ਲਾਗੂ ਕੀਤਾ ਹੋਵੇ।

ਸੋ ਪੰਜ ਕਕਾਰ ਨੇ ਚਾਰ ਕੁਰਹਿਤਾਂ ਦਸਾਂ ਗੁਰੂਆਂ ਦੁਆਰਾ ਸਥਾਪਿਤ ਕੀਤੀ ਗਈ ਜੀਵਨ ਜਾਚ ਦਾ ਹੀ ਅੰਗ ਹਨ। ਜੇ ਕੋਈ ਵਿਅਕਤੀ ਕਕਾਰ ਧਾਰਣ ਨਹੀਂ ਕਰਦਾ ਤੇ ਕੁਰਹਿਤਾਂ ਤੋਂ ਨਹੀਂ ਬਚਦਾ ਤਾਂ ਉਹ ਸਿੱਖ ਕਦਾਚਿਤ ਨਹੀਂ ਹੋ ਸਕਦਾ। ਕਿਉਂਕਿ ਖੰਡੇ ਦੀ ਪਾਹੁਲ ਨਾਲ ਸਬੰਧਿਤ ਰਹਿਣੀ, ਰਹਿਤ, ਗੁਰਬਾਣੀ ਅਤੇ ਗੁਰੂ ਹੁਕਮਾਂ ਤੇ ਹੀ ਆਧਾਰਿਤ ਹੈ ਤੇ ਗੁਰ ਹੁਕਮਾਂ ਨੂੰ ਸੱਤ ਕਰਕੇ ਮੰਨਣਾ ਸਿੱਖ ਹੋਣ ਦੀ ਮੁੱਖ ਨਿਸ਼ਾਨੀ ਹੈ।

ਕਈ ਵਿਅਕਤੀ ਇਹ ਦਲੀਲ ਦਿੰਦੇ ਹਨ ਕਿ ਅਸੀਂ ਕਕਾਰ ਧਾਰਣ ਨਹੀਂ ਕੀਤੇ ਜਾਂ ਅੰਮ੍ਰਿਤ ਨਹੀਂ ਛਕਿਆ ਤਾਂ ਕੀ ਹੈ ਮਨੋਂ ਤਾਂ ਅਸੀਂ ਸਿੱਖ ਹਾਂ। ਅਸੀਂ ਬੇਸ਼ੱਕ ਬਾਹਰਲੀ ਰਹਿਤ ਨਹੀਂ ਰੱਖੀ ਪਰ ਅੰਦਰਲੀ ਰਹਿਤ ਰੱਖਦੇ ਹਾਂ। ਅਸਲ ਵਿਚ ਅੰਦਰੂਨੀ ਤੇ ਬਾਹਰਲੀ ਰਹਿਤ ਸਰੀਰ ਤੇ ਆਤਮਾ ਵਾਂਗ ਪਰਸਪਰ ਸਬੰਧਤ ਹਨ। ਸਰੀਰ ਕਾਇਮ ਰੱਖਣ ਲਈ ਆਤਮਾ ਜ਼ਰੂਰੀ ਹੈ, ਤੇ ਆਤਮੇ ਦੇ ਪ੍ਰਗਟਾਵੇ ਲਈ ਸਰੀਰ ਜ਼ਰੂਰੀ ਹੈ। ਜੇ ਕੋਈ ਅੰਦਰਲੀ ਰਹਿਤ (ਮਨ ਦੀ ਪਾਬੰਧੀ) ਰੱਖਦਾ ਹੈ, ਮਨੋਂ ਗੁਰੂ ਦਾ ਸਿੱਖ ਹੈ ਤਾਂ ਬਾਹਰਲੀ ਰਹਿਤ ਰੱਖ ਕੇ ਪ੍ਰਤੱਖ ਦੱਸਣ ਵਿਚ ਕੋਈ ਹਰਜ਼ ਨਹੀਂ ਹੈ ਕਿ ਮੈਂ ਗੁਰੂ ਦਾ ਸਿੱਖ

ਹਾਂ। ਜੇਕਰ ਬੀਜ ਧਰਤੀ ਵਿਚ ਪਿਆ ਹੈ ਤਾਂ ਉਹ ਇਕ ਦਿਨ ਬੂਟੇ ਦੇ ਰੂਪ ਵਿਚ ਬਾਹਰ ਜ਼ਰੂਰ ਆਵੇਗਾ, ਪੁੰਗਰੇ ਬੂਟੇ ਤੋਂ ਹੀ ਪਤਾ ਲੱਗੇਗਾ ਕਿ ਬੀਜ ਅੰਦਰ ਹੈ, ਜੜ੍ਹ ਅੰਦਰ ਮੌਜੂਦ ਹੈ। ਜੇ ਕੋਈ ਵਿਅਕਤੀ ਮਨੋਂ ਕਿਸੇ ਨਾਲ ਪਿਆਰ ਕਰਦਾ ਹੈ ਤਾਂ ਉਹ ਬਾਹਰੋਂ ਵੀ ਉਸ ਨਾਲ ਪਿਆਰ ਦਾ ਪ੍ਰਗਟਾਵਾ ਕਰਦਾ ਹੈ, ਬਾਹਰੋਂ ਵੀ ਉਸਨੂੰ ਸਤਿਕਾਰ-ਪਿਆਰ ਦੇਂਦਾ ਹੈ।

ਇੰਝ ਹੀ ਜੇਕਰ ਕੋਈ ਬਾਹਰੀ ਰਹਿਤ ਰੱਖੇ ਤੇ ਅੰਦਰਲੀ ਨਾ ਰੱਖੇ ਤਾਂ ਉਹ ਭੇਖੀ ਸਿੱਖ ਕਹਾਏਗਾ ਕਿਉਂਕਿ :-

"ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥"

ਕੇਵਲ ਬਾਹਰੀ ਭੇਖ ਧਾਰਣ ਕਰਨਾ ਤਾਂ ਖੋਤੇ ਉਤੇ ਸ਼ੇਰ ਦੀ ਖੱਲ ਪਾਉਣ ਵਾਲੀ ਗੱਲ ਹੋਵੇਗੀ। ਸੋ ਅੰਦਰਲੀ ਤੇ ਬਾਹਰਲੀ ਰਹਿਤ ਮਿਲ ਕੇ ਸੰਪੂਰਣ ਰਹਿਤ ਬਣਦੀ ਹੈ, ਤੇ ਐਸੀ ਰਹਿਤ ਰੱਖਣ ਵਾਲਾ ਸਿੱਖ ਹੀ ਗੁਰੂ ਨੂੰ ਪਿਆਰਾ ਲੱਗਦਾ ਹੈ-

"ਰਹਿਣੀ ਰਹੈ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ।"
"ਪ੍ਰਥ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ,
ਸੇਈ ਸਿੰਘ ਪ੍ਰਧਾਨ ਅਵਰੁ ਨਾ ਪਾਹੁਲ ਜੋ ਲਏ।"

(ਰਹਿਤਨਾਮਾ ਭਾ. ਦੇਸਾ ਸਿੰਘ)

-0-

ਸ਼ਬਦ-ਵੀਚਾਰ

10. (ਭੈਰਉ ਮਹਲਾ ੫, ਪੰਨਾ: ੧੧੩੬)

ਵਰਤ ਨ ਰਹਉ, ਨ ਮਹ ਰਮਦਾਨਾ ॥ ਤਿਸੁ ਸੇਵੀ, ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ, ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ, ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ, ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ, ਖੁਦਿ ਖਸਮੁ ਪਛਾਨਾ॥੫॥੩॥

ਉਚਾਰਨ ਸੇਧਾਂ : ਵਰਤ-ਵਰੱਤ। ਰਹਉ-ਰਹਉਂ। ਸੇਵੀ-ਸੇਵੀਂ। ਗੁਸਾਈ-ਗੁਸਾਈਂ। ਜਾਉ-ਜਾਉਂ। ਕਰਉ-ਕਰਉਂ। ਨਿਵਾਜ-ਨਿਵਾਜ਼। ਗੁਜਾਰਉ-ਗੁਜਾਰਉਂ। ਨਮਸਕਾਰਉ-ਨਮਸਕਾਰਉਂ।

ਨੋਟ : ਇਹ ਪੰਚਮ ਪਾਤਸ਼ਾਹ ਦੀ ਰਚਨਾ ਹੈ। ਇਸ ਸ਼ਬਦ ਦੇ ਅਖੀਰ ਵਿਚ

ਕਬੀਰ ਪਦ ਆਉਣ ਦਾ ਕਾਰਣ ਇਹ ਹੈ ਕਿ ਇਸ ਵਿਚ ਪੰਚਮ ਪਾਤਸ਼ਾਹ ਕਬੀਰ ਜੀ ਦੇ ਵਿਚਾਰਾਂ ਨੂੰ ਹੋਰ ਖੋਲ੍ਹ ਕੇ ਸਪਸ਼ਟ ਕਰਦੇ ਹਨ।

ਪਦ ਅਰਥ : ਮਹ ਰਮਦਾਨਾ-ਰਮਜ਼ਾਨ ਦਾ ਮਹੀਨਾ (ਜਦੋਂ ਮੁਸਲਮਾਨਾਂ ਅਨੁਸਾਰ ਰੋਜੇ ਭਾਵ ਵਰਤ ਰੱਖੇ ਜਾਂਦੇ ਹਨ) ਸੇਵੀ-ਸਿਮਰਦਾ ਹਾਂ। ਰਖੈ ਨਿਦਾਨਾ-ਆਖਰ ਨੂੰ ਰਖਿਆ ਕਰਦਾ ਹੈ। ਨੇਬੇਰਾ- ਮੁਕਾ ਲਿਆ। ਨਿਵਾਜ-ਨਮਾਜ਼। ਪਿੰਡੁ-ਸਰੀਰ। ਪਰਾਨ-ਜਿੰਦ। ਖੁਦਿ-ਆਪ ਹੀ। ਖਸਮੁ-ਪਰਮਾਤਮਾ।

ਭੂਮਿਕਾ : ਗੁਰੂ ਸਾਹਿਬਾਨ ਵੇਲੇ ਹਿੰਦੂ ਅਤੇ ਮੁਸਲਮਾਨਾਂ ਦਾ ਆਪਸੀ ਝਗੜਾ ਸੀ। ਇਸ ਦਾ ਕਾਰਨ ਦੋਵੇਂ ਫਿਰਕੇ ਆਪਣੇ ਆਪਣੇ ਕਰਮਕਾਂਡਾਂ ਦੇ ਅਨੁਸਾਰ ਆਪਣੇ ਆਪ ਨੂੰ ਸ਼੍ਰੇਸ਼ਟ ਸਮਝਦੇ ਸਨ। ਕਰਮਕਾਂਡਾਂ ਵਿਚ ਉਲਝਣ ਕਾਰਨ ਪ੍ਰਭੂ ਪ੍ਰਤੀ ਉਨ੍ਹਾਂ ਦੀ ਸ਼ਰਧਾ ਸੱਚੇ ਗਿਆਨ ਤੋਂ ਰਹਿਤ ਸੀ। ਇਸ ਕਰਕੇ ਗੁਰੂ ਸਾਹਿਬ ਇਸ ਸ਼ਬਦ ਰਾਹੀਂ ਇਕੋ ਇਕ ਪ੍ਰਭੂ ਨੂੰ ਪਛਾਨਣ ਤੇ ਉਸਦਾ ਸਿਮਰਨ ਕਰਨ ਦੀ ਪ੍ਰੇਰਣਾ ਦੇਂਦੇ ਹਨ ਜੋ ਸਾਰਿਆਂ ਦਾ ਮਾਲਕ ਹੈ।

ਭਾਵ ਅਰਥ : ਇਸ ਸ਼ਬਦ ਵਿਚ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮੈਂ ਹਿੰਦੂ ਮੁਸਲਮਾਨ ਦੋਹਾਂ ਫਿਰਕਿਆਂ ਦੇ ਕਰਮਕਾਂਡਾਂ ਤੋਂ ਆਜ਼ਾਦੀ ਪਾ ਲਈ ਹੈ ਅਤੇ ਸਭ ਦੇ ਸਾਂਝੇ ਇਕ ਵਾਹਿਗੁਰੂ ਨਾਲ ਪਿਆਰ ਪਾ ਲਿਆ ਹੈ। ਇਸ ਲਈ ਨਾ ਮੈਂ ਪ੍ਰਭੂ ਮਿਲਾਪ ਲਈ ਹਿੰਦੂਆਂ ਦੇ ਵਰਤਾਂ ਦਾ ਆਸਰਾ ਲੈਂਦਾ ਹਾਂ ਤੇ ਨਾ ਹੀ ਮੁਸਲਮਾਨਾਂ ਦੇ ਰਮਜ਼ਾਨ ਦੇ ਮਹੀਨੇ ਵਿਚ ਰੱਖੇ ਰੋਜ਼ਿਆਂ ਦਾ। ਮੈਂ ਸਿਰਫ ਉਸੇ ਪ੍ਰਭੂ ਨੂੰ ਯਾਦ ਕਰਦਾ ਹਾਂ, ਜੋ ਹਮੇਸ਼ਾਂ ਰੱਖਿਆ ਕਰਦਾ ਹੈ।

ਨਾ ਮੈਂ ਮੁਸਲਮਾਨਾਂ ਵਾਂਗ ਕਾਬੇ ਦਾ ਹੱਜ ਭਾਵ ਯਾਤਰਾ ਕਰਨ ਜਾਂਦਾ ਹਾਂ ਤੇ ਨਾ ਹੀ ਹਿੰਦੂਆਂ ਦੀ ਤਰ੍ਹਾਂ ਤੀਰਥਾਂ ਦੀ ਪੂਜਾ ਭਾਵ ਯਾਤਰਾ ਕਰਨ ਜਾਂਦਾ ਹਾਂ। ਮੈਂ ਸਿਰਫ ਉਸ ਇਕ ਪਰਮਾਤਮਾ ਨੂੰ ਹੀ ਸਿਮਰਦਾ ਹਾਂ, ਹੋਰ ਕਿਸੇ ਨੂੰ ਨਹੀਂ।

ਨਾ ਮੈਂ ਹਿੰਦੂਆਂ ਦੀ ਤਰ੍ਹਾਂ ਦੇਵ ਪੂਜਾ ਕਰਦਾ ਹਾਂ ਅਤੇ ਨਾ ਹੀ ਮੁਸਲਮਾਨਾਂ ਵਾਂਗ ਨਮਾਜ਼ ਪੜ੍ਹਦਾ ਹਾਂ, ਮੈਂ ਤਾਂ ਸਿਰਫ ਉਸ ਇਕ ਨਿਰੰਕਾਰ ਨੂੰ ਹੀ ਹਿਰਦੇ ਵਿਚ ਰੱਖ ਕੇ ਉਸ ਅੱਗੇ ਸਿਰ ਨਿਵਾਉਂਦਾ ਹਾਂ।

ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਹਿੰਦੂ ਤੇ ਮੁਸਲਮਾਨਾਂ ਦੇ ਅਖੌਤੀ ਫਿਰਕੇ ਤੋਂ ਰਹਿਤ ਹਾਂ, ਕਿਉਂਕਿ ਸਾਡਾ ਸਰੀਰ ਅਤੇ ਆਤਮਾ ਉਸੇ ਇਕ ਵਾਹਿਗੁਰੂ ਦੇ ਦਿੱਤੇ ਹੋਏ ਹਨ।

ਮੈਂ ਇਹ ਗੱਲ ਖੋਲ੍ਹ ਕੇ ਦੱਸਦਾ ਹਾਂ ਕਿ ਮੈਂ ਆਪਣੇ ਗੁਰੂ ਪੀਰ ਨਾਲ ਮਿਲ ਕੇ ਆਪਣੇ ਮਾਲਕ ਭਾਵ ਪ੍ਰਮਾਤਮਾ ਦੀ ਪਹਿਚਾਣ ਕਰ ਲਈ ਹੈ। ਇਸ ਲਈ ਮੈਨੂੰ ਹੁਣ ਹੋਰ ਕਰਮਕਾਂਡ ਕਰਨ ਦੀ ਲੋੜ ਨਹੀਂ ਹੈ।

ਸਾਰੰਸ਼ : ਉਪਰੋਕਤ ਸ਼ਬਦ ਵਿਚ ਪੰਚਮ ਪਾਤਸ਼ਾਹ ਆਪਣੇ ਆਪ ਨੂੰ ਹਿੰਦੂ ਮੁਸਲਮਾਨ ਦੋਹਾਂ ਧਰਮਾਂ ਦੇ ਅਖੌਤੀ ਕਰਮਕਾਂਡਾਂ ਤੋਂ ਆਜ਼ਾਦ ਦੱਸਦੇ ਹੋਏ ਇਕ

ਵਾਹਿਗੁਰੂ ਦੀ ਸਿਫਤ ਸਲਾਹ ਕਰਨ ਦਾ ਉਪਦੇਸ਼ ਦਿੰਦੇ ਹਨ। ਉਹ ਆਪਣੇ ਆਪ ਨੂੰ ਉਸ ਪਰਮਾਤਮਾ ਦਾ ਹੀ ਅੰਸ਼ ਮੰਨਦੇ ਹੋਏ ਗੁਰੂ ਦੁਆਰਾ ਆਪਣੇ ਅੰਦਰੋਂ ਹੀ ਉਸਦੀ ਪਹਿਚਾਣ ਕਰਨ ਨੂੰ ਮਹੱਤਵ ਦਿੰਦੇ ਹਨ।

-0-

11. (ਆਸਾ ਮਹਲਾ ੫ ਪੰਨਾ: ੩੯੫)

ਤੀਰਥਿ ਜਾਉ, ਤ ਹਉ ਹਉ ਕਰਤੇ॥ ਪੰਡਿਤ ਪੂਛਉ, ਤ ਮਾਇਆ ਰਾਤੇ॥੧॥
ਸੋ ਅਸਥਾਨੁ ਬਤਾਵਹੁ, ਮੀਤਾ॥ ਜਾ ਕੈ, ਹਰਿ ਹਰਿ ਕੀਰਤਨੁ ਨੀਤਾ॥੧॥ ਰਹਾਉ॥
ਸਾਸਤ੍ਰ ਬੇਦ, ਪਾਪ ਪੁੰਨ ਵੀਚਾਰ॥ ਨਰਕਿ ਸੁਰਗਿ, ਫਿਰਿ ਫਿਰਿ ਅਉਤਾਰ॥੨॥
ਗਿਰਸਤ ਮਹਿ ਚਿੰਤ, ਉਦਾਸ ਅਹੰਕਾਰ॥ ਕਰਮ ਕਰਤ, ਜੀਅ ਕਉ ਜੰਜਾਰ॥੩॥
ਪ੍ਰਭ ਕਿਰਪਾ ਤੇ, ਮਨੁ ਵਸਿ ਆਇਆ॥
ਨਾਨਕ, ਗੁਰਮੁਖਿ ਤਰੀ ਤਿਨਿ ਮਾਇਆ॥੪॥
ਸਾਧਸੰਗਿ, ਹਰਿ ਕੀਰਤਨੁ ਗਾਈਐ॥
ਇਹੁ ਅਸਥਾਨੁ, ਗੁਰੂ ਤੇ ਪਾਈਐ॥੧॥ਰਹਾਉ ਦੂਜਾ॥੭॥੫੮॥

ਉਚਾਰਨ ਸੇਧਾਂ : ਜਾਉ-ਜਾਉਂ। ਤ-ਤਂ। ਪੂਛਉ।ਪੂਛਉਂ। ਜਾ-ਜਾਂ। ਸਾਸਤ੍ਰ-ਸ਼ਾਸਤ੍ਰ, ਗਿਰਸਤ-ਗਿਰੱਸਤ।

ਪਦ ਅਰਥ : ਤੀਰਥਿ-ਕਿਸੇ ਤੀਰਥ ਉਤੇ। ਹਉ ਹਉ-ਮੈਂ (ਧਰਮੀ), ਮੈਂ (ਧਰਮੀ)। ਰਾਤੇ-ਰੰਗੇ ਹੋਏ, ਮਸਤ। ਨੀਤਾ-ਨਿੱਤ। ਨਰਕਿ-ਨਰਕ ਵਿਚ। ਸੁਰਗਿ-ਸੁਰਗ ਵਿਚ। ਕਰਮ-ਕਰਮ ਕਾਂਡ, ਮਿੱਥੇ ਹੋਏ ਧਾਰਮਿਕ ਕੰਮ। ਜੰਜਾਰ-ਜੰਜਾਲ, ਬੰਧਨ। ਤੇ-ਤੋਂ ਨਾਲ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।

ਭੂਮਿਕਾ : ਸੰਸਾਰ ਸਾਰਾ ਹੀ ਪਰਮਾਤਮਾ ਦੀ ਪ੍ਰਾਪਤੀ ਦੇ ਗਲਤ ਢੰਗਾਂ ਨੂੰ ਅਪਣਾਉਣ ਕਰਕੇ ਭਟਕ ਰਿਹਾ ਹੈ। ਗੁਰੂ ਸਾਹਿਬ ਇਸ ਸਬਦ ਰਾਹੀਂ ਪ੍ਰਭੂ ਪ੍ਰਾਪਤੀ ਦਾ ਸਾਧਨ ਸਤਸੰਗਤ ਅਤੇ ਪ੍ਰਭੂ ਦੀ ਕੀਰਤੀ ਦਾ ਸਿਧਾਂਤ ਦ੍ਰਿੜ ਕਰਾਉਂਦੇ ਹਨ। ਗੁਰੂ ਸਾਹਿਬ ਵਿਅੰਗਮਈ ਢੰਗ ਨਾਲ ਪ੍ਰਚਲਿਤ ਕਰਮਕਾਂਡਾਂ ਦਾ ਫੋਕਟਪੁਣਾ ਸਮਝਾਉਂਦੇ ਹਨ।

ਭਾਵ ਅਰਥ : ਜੇ ਮੈਂ ਤੀਰਥਾਂ ਉਤੇ ਜਾਂਦਾ ਹਾਂ ਤਾਂ ਉਥੇ ਆਪਣੇ ਆਪ ਨੂੰ ਧਰਮੀ ਕਹਾਉਣ ਦੀ ਹੌੜ ਲੱਗੀ ਹੋਈ ਹੈ। ਹਰ ਕੋਈ ਤੀਰਥ ਤੇ ਪਹੁੰਚਣ ਨੂੰ ਹੀ ਆਪਣੇ ਆਪ ਵਿਚ ਧਰਮੀ ਹੋਣਾ ਸਮਝ ਬੈਠਾ ਹੈ। ਪੰਡਿਤਾਂ ਕੋਲ ਜਾ ਕੇ ਪਤਾ ਕਰੋ ਤਾਂ ਉਹ ਬਣਾਵਟੀ ਜੀਵਨ ਵਿਚ ਹੀ ਰੰਗੇ ਹੋਏ ਨਜ਼ਰ ਆਉਂਦੇ ਹਨ। ਸ਼ਾਸਤ੍ਰ ਅਤੇ ਵੇਦ ਸਿਰਫ ਇਹੀ ਦੱਸਦੇ ਹਨ ਕਿ ਫਲਾਣੇ ਕੰਮ ਕਰਨ ਨਾਲ ਪਾਪ ਲੱਗਦਾ ਹੈ ਅਤੇ ਫਲਾਣੇ ਕੰਮ ਕਰਨ ਨਾਲ ਪੁੰਨ। ਇਸ ਤਰ੍ਹਾਂ ਆਪਣੇ ਕੰਮਾਂ ਕਰਕੇ ਨਰਕ ਅਤੇ ਸੁਰਗਗ ਵਿਚ ਫਿਰਨ ਨੂੰ ਹੀ ਦਰਸਾਉਂਦੇ ਹਨ। ਗ੍ਰਹਿਸਤ ਵਿਚ ਰਹਿਣ ਵਾਲਿਆਂ ਨੂੰ ਇਹ ਚਿੰਤਾ ਦਬਾ ਰਹੀ ਹੈ ਕਿ

ਸ਼ਾਇਦ ਉਹ ਕਰਮਕਾਂਡੀ ਨਹੀਂ ਹਨ। ਇਸ ਲਈ ਧਰਮੀ ਵੀ ਨਹੀਂ ਹੋ ਸਕਦੇ। ਇਸ ਕਰਕੇ ਉਨ੍ਹਾਂ ਦਾ ਨਰਕ ਵਿਚ ਜਾਣਾ ਪੱਕਾ ਹੈ। ਗ੍ਰਹਿਸਤ ਦਾ ਤਿਆਗ ਕਰਨ ਵਾਲੇ ਵੀ ਹੰਕਾਰ ਨਾਲ ਆਫਰੇ ਪਏ ਹਨ ਕਿ ਸ਼ਾਇਦ ਉਹ ਬੜੇ ਵੱਡੇ ਧਰਮੀ ਹਨ। ਕਰਮ ਕਾਂਡ ਕਰਨ ਵਾਲੇ ਆਪਣੇ ਆਪ ਨੂੰ ਬੰਧਨਾਂ ਵਿਚ ਪਾ ਲੈਂਦੇ ਹਨ। ਪੰਚਮ ਪਾਤਸ਼ਾਹ ਦ੍ਰਿੜ ਕਰਵਾਉਂਦੇ ਹਨ ਕਿ ਸਾਨੂੰ ਆਪਣੇ ਕਰਮਕਾਂਡ ਛੱਡ ਕੇ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਸ਼ਰਣ ਪੈਣਾ ਚਾਹੀਦਾ ਹੈ। ਜਿਸ ਦੀ ਮਿਹਰ ਨਾਲ ਮਨ ਤੇ ਕਾਬੂ ਹੋ ਜਾਣ ਨਾਲ ਬਣਾਵਟੀ ਜੀਵਨ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਸਾਰੰਸ਼ : ਇਸ ਸਬਦ ਰਾਹੀਂ ਗੁਰੂ ਸਾਹਿਬ ਇਹ ਸੋਝੀ ਕਰਵਾ ਰਹੇ ਹਨ ਕਿ ਗੁਰੂ ਦੀ ਸ਼ਰਣ ਪੈ ਕੇ ਪ੍ਰਭੂ ਦੀ ਕੀਤੀ ਉਸਤਤਿ ਤੋਂ ਬਿਨਾਂ ਦੇ ਸਭ ਕਰਮਕਾਂਡ ਫੋਕਟ ਅਤੇ ਜੀਅ ਦਾ ਜੰਜਾਲ ਹੀ ਹਨ। ਜਿਨ੍ਹਾਂ ਵਿਚ ਮਨੁੱਖ ਫਸ ਤਾਂ ਸਕਦਾ ਹੈ ਪਰ ਮਾਇਆ ਦੀ ਨਦੀ ਤੋਂ ਇਨ੍ਹਾਂ ਰਾਹੀਂ ਪਾਰ ਨਹੀਂ ਹੋ ਸਕਦਾ। ਇਸ ਤੋਂ ਪਾਰ ਕਰਾਉਣ ਵਾਲਾ ਇਕੋ ਵਾਹਿਗੁਰੂ ਦਾ ਸਿਮਰਨ ਹੀ ਹੈ। ਜੋ ਗੁਰੂ ਦੀ ਬਖਸ਼ਿਸ਼ ਰਾਹੀਂ ਹੀ ਮਿਲਦਾ ਹੈ।

-0-

12. (ਸਵਈਏ ਮਹਲੇ ਚਉਥੇ ਕੇ, ਪੰਨਾ: ੧੩੯੯)

ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ, ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ, ਮੁਕਤਿ ਨ ਪਾਵੈ॥
ਗੁਰੁ ਕਰੁ ਸਚੁ ਬੀਚਾਰੁ, ਗੁਰੂ ਕਰੁ, ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ, ਅਘਨ ਕਟਹਿ ਸਭ ਤੇਰੇ॥
ਗੁਰੁ ਨਯਣਿ, ਬਯਣਿ ਗੁਰੁ ਗੁਰੁ ਕਰਹੁ, ਗੁਰੂ ਸਤਿ ਕਵਿ ਨਲ੍ਹ ਕਹਿ॥
ਜਿਨਿ, ਗੁਰੂ ਨ ਦੇਖਿਅਉ ਨਹੁ ਕੀਅਉ, ਤੇ ਅਕਯਥ ਸੰਸਾਰ ਮਹਿ॥੪॥੮॥

ਉਚਾਰਣ ਸੇਧਾਂ : ਸਬਦ-ਸ਼ਬਦ। ਕਟਹਿ-ਕਟਹਿਂ। ਨਹੁ-ਨਹ।

ਪਦ ਅਰਥ : ਘੋਰੁ ਅੰਧਾਰ-ਡਰਾਉਣਾ ਹਨ੍ਹੇਰਾ। ਸਬਦ ਸਪੁੰਨ-ਸ਼ਬਦ ਸੰਪੰਨ, ਸ਼ਬਦ ਦਾ ਸੂਰਾ। ਅਘਨ-ਪਾਪ। ਨਯਣਿ-ਨੇਤ੍ਰ ਵਿਚ। ਬਯਣਿ-ਬਚਵ ਵਿਚ। ਅਕਯਥ-ਨਿਸਫਲ।

ਭੂਮਿਕਾ : ਗੁਰੂ ਗ੍ਰੰਥ ਸਾਹਿਬ ਜੀ ਅੰਦਰ 11 ਭੱਟਾਂ ਦੀ ਬਾਣੀ ਦਰਜ ਹੈ। ਇਹ ਭੱਟ ਵਿਦਵਾਨ ਬ੍ਰਾਹਮਣ ਸਨ। ਜਿਨ੍ਹਾਂ ਨੇ ਆਪਣੇ ਹਿੰਦੂ ਗ੍ਰੰਥਾਂ ਦਾ ਅਧਿਐਨ ਕੀਤਾ, ਪਰ ਮਨ ਵਿਚ ਟਿਕਾਅ ਲਈ ਅਤੇ ਭਟਕਣਾ ਦੂਰ ਕਰਨ ਲਈ ਥਾ ਪੁਰ ਥਾਂ ਵਿਚਰਦੇ ਰਹੇ ਪਰ ਕਿਤੇ ਵੀ ਪੂਰਾ ਗੁਰੂ ਨਾ ਮਿਲਿਆ। ਜਦ ਗੁਰੂ ਅਮਰਦਾਸ ਜੀ ਕੋਲ ਪਹੁੰਚੇ ਤਾਂ ਮਨ ਨੂੰ ਅਸੀਮ ਟਿਕਾਅ ਕਾਰਣ ਗੁਰੂ ਘਰ ਦੇ ਹੀ ਹੋ ਗਏ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ 11 ਭੱਟਾਂ ਦੀਆਂ ਰਚਨਾਵਾਂ ਗੁਰੂ ਸਾਹਿਬ ਨੇ ਪ੍ਰਵਾਨ ਕੀਤੀਆਂ ਹਨ। ਇਹਨਾਂ ਦੀ ਬਾਣੀ ਅੰਦਰ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਸਤਿਕਾਰ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਨ੍ਹਾਂ ਵਿਚੋਂ

ਭੱਟ ਨਲ੍ਹ ਜੀ ਦਾ ਸਵਈਆ ਜੋ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੀ ਸ਼ਖਸੀਅਤ ਪ੍ਰਤੀ ਸ਼ਰਧਾ ਪ੍ਰਗਟਾਉਂਦਿਆਂ ਉਚਾਰਿਆ ਹੈ, ਵਿਚ ਭੱਟ ਜੀ ਗੁਰੂ ਰਾਮਦਾਸ ਜੀ ਦੀ ਉਸਤਤ ਕਰਦੇ ਹੋਏ ਸਪਸ਼ਟ ਕਰਦੇ ਹਨ ਕਿ ਬਗੈਰ ਪੂਰੇ ਗਿਆਨ ਦੇ ਮਨੁੱਖ ਨੂੰ ਸੋਝੀ ਨਹੀਂ ਹੋ ਸਕਦੀ। ਜਿਨ੍ਹਾਂ ਨੇ ਪੂਰੇ ਗੁਰੂ ਦਾ ਲੜ ਨਹੀਂ ਫੜਿਆ, ਉਨ੍ਹਾਂ ਦਾ ਸੰਸਾਰ ਤੇ ਆਉਣਾ ਨਿਸਫਲ ਹੈ।

ਭਾਵ ਅਰਥ : ਸਤਿਗੁਰੂ ਦੀ ਸ਼ਰਣ ਪੈਣ ਤੋਂ ਬਿਨਾਂ ਮਨੁੱਖ ਨੂੰ ਹਰ ਪਾਸੇ ਹਨ੍ਹੇਰਾ ਨਜ਼ਰ ਆਉਂਦਾ ਹੈ, ਕਿਉਂਕਿ ਪੂਰੇ ਗੁਰੂ ਤੋਂ ਬਿਨਾਂ ਮਨੁੱਖ ਨੂੰ ਠੀਕ ਜੀਵਨ ਜਾਚ ਦੀ ਸਮਝ ਨਹੀਂ ਆ ਸਕਦੀ। ਇਸ ਲਈ ਮਨੁੱਖ ਦੀ ਸੂਝ ਬੂਝ ਵੀ ਉਚੇਰੀ ਨਹੀਂ ਹੋ ਸਕਦੀ ਅਤੇ ਮਨੁੱਖ ਜੀਵਨ ਦੇ ਘੋਲ ਵਿਚ ਵਿਕਾਰਾਂ (ਮੰਦੇ ਕਰਮ ਅਤੇ ਵਿਚਾਰਾਂ) ਤੋਂ ਆਜ਼ਾਦੀ ਨਹੀਂ ਪਾ ਸਕਣ ਕਰਕੇ ਸਫਲ ਵੀ ਨਹੀਂ ਹੋ ਸਕਦਾ।

ਹੇ ਮੇਰੇ ਮਨ! ਗੁਰੂ ਦੀ ਸ਼ਰਣ ਪੈ! ਇਹੀ ਸਭ ਤੋਂ ਚੰਗੀ ਵਿਚਾਰ ਹੈ। ਸ਼ਬਦ ਦੇ ਸੂਰਮੇ (ਭਾਵ ਜਿਸ ਨੂੰ ਜੀਵਨ ਦੇ ਰਾਹ ਦੀ ਪੂਰੀ ਸੋਝੀ ਹੈ ਅਤੇ ਜੋ ਪੂਰਾ ਗਿਆਨਵਾਨ ਹੈ) ਗੁਰੂ ਦੀ ਸ਼ਰਣ ਪੈ ਤਾਂ ਤੇਰੇ ਸਾਰੇ ਪਾਪ ਕੱਟੇ ਜਾਣਗੇ। ਭੱਟ ਨਲ੍ਹ ਜੀ ਆਖਦੇ ਹਨ ਕਿ ਹੇ ਮੇਰੇ ਮਨ! ਆਪਣੀ ਨਜ਼ਰ ਵਿਚ ਆਪਣੇ ਬੋਲ ਵਿਚ ਕੇਵਲ ਗੁਰੂ ਨੂੰ ਵਸਾਓ, ਗੁਰੂ ਹੀ ਸਥਾਈ ਰਹਿਣ ਵਾਲਾ ਹੈ। ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਦੇ ਦਰਸ਼ਨ ਨਹੀਂ ਕੀਤੇ ਭਾਵ ਜਿਨ੍ਹਾਂ ਮਨੁੱਖਾਂ ਨੂੰ ਸੱਚਾ ਗੁਰੂ ਨਹੀਂ ਮਿਲਿਆ। ਉਹ ਸੋਝੀ ਨਹੀਂ ਪਾ ਸਕੇ। ਉਨ੍ਹਾਂ ਮਨੁੱਖਾਂ ਦਾ ਸੰਸਾਰ ਤੇ ਆਉਣਾ ਵਿਅਰਥ ਹੀ ਗਿਆ।

ਸਾਰੰਸ਼ : ਉਪਰੋਕਤ ਸਬਦ ਦਾ ਤੱਤ ਸਾਰ ਇਹ ਹੈ ਕਿ ਮਨੁੱਖਾਂ ਜ਼ਿੰਦਗੀ ਦੇ ਅਸਲ ਮਨੋਰਥ (ਆਪਣੇ ਅੰਦਰ ਵਸ ਰਹੇ ਪ੍ਰਮਾਤਮਾ ਦੀ ਪਹਿਚਾਣ ਕਰਨਾ) ਦੀ ਸਮਝ ਅਤੇ ਸਫਲਤਾ ਲਈ ਪੂਰੇ ਸਤਿਗੁਰੂ ਦੀ ਜ਼ਰੂਰਤ ਹੈ। ਜੋ ਕਿ ਸ਼ਬਦ ਦਾ ਸੂਰਾ (ਬਹਾਦਰ) ਹੋਵੇ ਤਾਂ ਕਿ ਉਸ ਦਾ ਕਿਹਾ ਕੋਈ ਵੀ ਬਚਨ ਵਿਅਰਥ ਨਾ ਹੋਵੇ ਅਥੇ ਸਿੱਧਾ ਹੀ ਆਤਮਾ ਅਤੇ ਮਨ ਵਿਚੋਂ ਅਗਿਆਨਤਾ ਦਾ ਹਨ੍ਹੇਰਾ ਦੂਰ ਕਰਦਾ ਜਾਏ।

-0-

13. (ਮਹਲਾ ੫, ਪੰਨਾ : ੯੫੯)

ਕਾਹੇ, ਮਨ, ਤੂ ਡੋਲਤਾ, ਹਰਿ ਮਨਸਾ ਪੂਰਣਹਾਰੁ॥
ਸਤਿਗੁਰੁ ਪੁਰਖੁ ਧਿਆਇ ਤੂ, ਸਭਿ ਦੁਖ ਵਿਸਾਰਣਹਾਰੁ॥
ਹਰਿ ਨਾਮਾ ਆਰਾਧਿ, ਮਨ, ਸਭਿ ਕਿਲਵਿਖ ਜਾਹਿ ਵਿਕਾਰ॥
ਜਿਨ ਕਉ ਪੂਰਬਿ ਲਿਖਿਆ, ਤਿਨ ਰੰਗੁ ਲਗਾ ਨਿਰੰਕਾਰ॥
ਓਨੀ ਛਡਿਆ ਮਾਇਆ ਸੁਆਵੜਾ, ਧਨੁ ਸੰਚਿਆ ਨਾਮੁ ਅਪਾਰੁ॥
ਅਠੇ ਪਹਰ ਇਕਤੈ ਲਿਵੈ, ਮੰਨੇਨਿ ਹੁਕਮੁ ਅਪਾਰੁ॥
ਜਨੁ ਨਾਨਕੁ ਮੰਗੈ ਦਾਨੁ ਇਕੁ, ਦੇਹੁ ਦਰਸੁ ਮਨਿ ਪਿਆਰੁ॥੨॥

ਉਚਾਰਣ ਸੇਧਾਂ : ਤੂ-ਤੂੰ। ਜਾਹਿ-ਜਾਹਿਂ। ਓਨੀ-ਓਨੀਂ। ਦਰਸੁ-ਦਰਸ਼।

ਪਦ ਅਰਥ : ਮਨਸਾ-ਮਨ ਦੀ ਇੱਛਾ। ਪੂਰਣਹਾਰੁ-ਪੂਰੀ ਕਰਨ ਵਾਲਾ। ਕਿਲਵਿਖ-ਪਾਪ। ਜਾਹਿ-ਦੂਰ ਹੋ ਜਾਣਗੇ। ਪੂਰਬਿ-ਪਹਿਲਾਂ ਤੋਂ। ਰੰਗੁ-ਪਿਆਰ। ਸੁਆਵੜਾ-ਸੁਆਦ। ਸੰਚਿਆ-ਇਕੱਠਾ ਕੀਤਾ। ਇਕਤੈ ਲਿਵੈ-ਇਕ ਦੀ ਲਿਵ ਵਿਚ। ਮੰਨੇਨਿ-ਮੰਨਦੇ ਹਨ।

ਭੂਮਿਕਾ : ਉਪਰੋਕਤ ਸ਼ਬਦ ਵਿਚ ਪੰਚਮ ਪਾਤਸ਼ਾਹ ਮਨੁੱਖੀ ਮਨ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਵਾਹਿਗੁਰੂ ਦੇ ਹੁੰਦਿਆਂ ਉਸ ਨੂੰ ਡੋਲਣ ਦੀ ਕੀ ਲੋੜ ਹੈ। ਵਾਹਿਗੁਰੂ ਮਾਲਕ ਹਰ ਤਰ੍ਹਾਂ ਦੀ ਇੱਛਾ ਪੂਰੀ ਕਰ ਸਕਣ ਦੇ ਸਮਰੱਥ ਹੈ। ਇਸ ਲਈ ਸੱਚੇ ਮਨ ਨਾਲ ਉਸ ਦੀ ਯਾਦ ਵਿਚ ਜੁੜ ਜਾਣਾ ਚਾਹੀਦਾ ਹੈ।

ਭਾਵ ਅਰਥ : ਪੰਚਮ ਪਾਤਸ਼ਾਹ ਮਨੁੱਖੀ ਮਨ ਨੂੰ ਸਮਝਾਉਂਦੇ ਹਨ ਕਿ ਹੇ ਮਨ! ਤੂੰ ਕਿਉਂ ਉਦਾਸ ਹੁੰਦਾ ਹੈ। ਵਾਹਿਗੁਰੂ ਜੀ ਆਪ ਸਾਰੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲੇ ਹਨ। ਹੇ ਮਨ! ਤੂੰ ਸਿਰਫ ਉਸੇ ਵਾਹਿਗੁਰੂ ਜੀ ਦੀ ਯਾਦ ਵਿਚ ਜੁੜਿਆ ਰਹਿ, ਇਸ ਤਰ੍ਹਾਂ ਤੇਰੇ ਸਾਰੇ ਦੁੱਖ ਕੱਟੇ ਜਾਣਗੇ। ਜੋ ਮਨੁੱਖ ਸਤਿਸੰਗ ਵਿਚ ਬਹਿ ਕੇ ਆਪਣੇ ਕਰਮ ਚੰਗੇ ਬਣਾ ਲੈਂਦੇ ਹਨ। ਉਨ੍ਹਾਂ ਤੇ ਵਾਹਗੁਰੂ ਜੀ ਦੀ ਅਪਾਰ ਬਖਸ਼ਿਸ਼ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਵਾਹਿਗੁਰੂ ਜੀ ਦੇ ਪਿਆਰ ਦਾ ਰੰਗ ਚੜ੍ਹਦਾ ਹੈ। ਐਸੇ ਸਤਸੰਗੀ ਜਨਾਂ ਨੇ ਮਾਇਆ ਦਾ ਸੁਆਦ ਛੱਡ ਦਿੱਤਾ ਹੈ ਅਤੇ ਪਰਮਾਤਮਾ ਦੀ ਯਾਦ ਦਾ ਧਨ ਇਕੱਠਾ ਕਰ ਲਿਆ ਹੈ। ਉਨ੍ਹਾਂ ਨੂੰ ਹਰ ਸਮੇਂ ਪਰਮਾਤਮਾ ਦੀ ਯਾਦ ਦੀ ਲਿਵ ਲੱਗੀ ਰਹਿੰਦੀ ਹੈ ਅਤੇ ਉਹ ਮਾਲਕ ਵਾਹਿਗੁਰੂ ਜੀ ਦੇ ਬੇਅੰਤ ਹੁਕਮ ਅੱਗੇ ਸਿਰ ਝੁਕਾ ਦਿੰਦੇ ਹਨ। ਗੁਰਦੇਵ ਫੁਰਮਾਉਂਦੇ ਹਨ ਕਿ ਹੇ ਵਾਹਿਗੁਰੂ ਜੀ! ਮੈਨੂੰ ਇਹੀ ਦਾਨ ਦਿਓ ਕਿ ਸਦਾ ਆਪ ਜੀ ਦੇ ਦਰਸ਼ਨ ਮਿਲੇ ਰਹਿਣ ਅਤੇ ਮਨ ਵਿਚ ਆਪ ਜੀ ਦੀ ਯਾਦ ਵਸੀ ਰਹੇ।

ਸਾਰੰਸ਼ : ਇਸ ਪਾਵਨ ਸ਼ਬਦ ਦਾ ਸਾਰ ਇਹ ਹੈ ਕਿ ਮਨੁੱਖ ਨੂੰ ਕਦੇ ਵੀ ਉਦਾਸ ਨਹੀਂ ਹੋਣਾ ਚਾਹੀਦਾ। ਸਦਾ ਉਸ ਸਰਬ ਸਮਰੱਥ ਵਾਹਿਗੁਰੂ 'ਤੇ ਭਰੋਸਾ ਰੱਖ ਕੇ ਉਸੇ ਦੀ ਯਾਦ 'ਚ ਜੁੜੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਉਸ ਦੀਆਂ ਸਭ ਇੱਛਾਵਾਂ ਪੂਰਨ ਹੋ ਜਾਂਦੀਆਂ ਹਨ, ਭਾਵ ਬੇਅਰਥ ਝੂਠੀਆਂ ਇੱਛਾਵਾਂ ਵਲੋਂ ਉਸਦਾ ਮਨ ਹਟ ਜਾਂਦਾ ਹੈ।

-0-

14. (ਬਿਲਾਵਲ, ਪੰਨਾ : ੮੫੬)

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ॥੧ਰਹਾਉ॥
ਤੇਰੋ ਜਨੁ ਹੋਇ, ਸੋਇ ਕਤ ਡੋਲੈ, ਤੀਨਿ ਭਵਨ ਪਰ ਛਾਜਾ॥
ਹਾਥੁ ਪਸਾਰਿ ਸਕੈ ਕੋ ਜਨ ਕਉ, ਬੋਲਿ ਸਕੈ ਨ ਅੰਦਾਜਾ॥੧॥
ਚੇਤਿ, ਅਚੇਤ ਮੂੜ ਮਨ ਮੇਰੇ, ਬਾਜੇ ਅਨਹਦ ਬਾਜਾ॥
ਕਹਿ ਕਬੀਰ, ਸੰਸਾ ਭ੍ਰਮੁ ਚੂਕੋ, ਧ੍ਰੂ ਪ੍ਰਹਿਲਾਦ ਨਿਵਾਜਾ॥੨॥੫॥

ਉਚਾਰਣ ਸੇਧਾਂ : ਅੰਦਾਜਾ-ਅੰਦਾਜ਼ਾ। ਮੂੜ-ਮੂੜ੍ਹ।

ਪਦ ਅਰਥ : ਏ ਭੂਪਤਿ-ਇਹ ਦੁਨੀਆਂ ਦੇ ਰਾਜੇ। ਦਿਵਾਜਾ-ਦਿਖਲਾਵੇ। ਜਨੁ-ਦਾਸ, ਭਗਤ। ਤੀਨਿ ਭਵਨ ਪਰ-ਤਿੰਨਾਂ ਭਵਨਾਂ ਵਿਚ, ਸਾਰੇ ਜਗਤ ਵਿਚ। ਛਾਜਾ-ਪ੍ਰਭਾਵ ਛਾਇਆ ਰਹਿੰਦਾ ਹੈ, ਵਡਿਆਈ ਬਣੀ ਰਹਿੰਦੀ ਹੈ। ਅਚੇਤ ਮੂੜ ਮਨ-ਹੇ ਗਾਫਲ ਮਨ। ਅਨਹਦ ਬਾਜਾ-ਇਕ ਰਸ ਆਨੰਦ ਦੇ ਵਾਜੇ। ਕਹਿ-ਆਖਦਾ ਹੈ। ਸੰਸਾ-ਸਹਿਮ। ਚੂਕੋ-ਮੁੱਕ ਜਾਂਦਾ ਹੈ। ਨਿਵਾਜਾ-ਮਾਣਦੇ ਹਨ।

ਭੂਮਿਕਾ : ਉਪਰੋਕਤ ਸ਼ਬਦ ਵਿਚ ਕਬੀਰ ਜੀ ਪਰਮਾਤਮਾ ਦੀ ਭਗਤੀ ਕਰਨ ਵਾਲੇ ਉਸਦੇ ਭਗਤਾਂ ਨੂੰ ਦੁਨੀਆਂ ਦੇ ਝੂਠੇ ਰਾਜਿਆਂ ਨਾਲੋਂ ਕਿਤੇ ਵਡੇਰਾ ਦੱਸਦੇ ਹੋਏ ਦੁਨੀਆਂ ਦੀ ਹਰ ਵੱਡੀ ਸ਼ਕਤੀ ਨਾਲੋਂ ਪ੍ਰਭੂ ਭਗਤੀ ਨੂੰ ਉੱਚਾ ਦੱਸਦੇ ਹਨ।

ਭਾਵ ਅਰਥ : ਦੁਨੀਆਂ ਵਿਚ ਕੋਈ ਵੀ ਜੀਵ ਪਰਮਾਤਮਾ ਦੇ ਬਰਾਬਰ ਦਾ ਰਾਜਾ ਨਹੀਂ ਹੈ। ਦੁਨੀਆਂ ਦੇ ਇਹ ਰਾਜੇ ਆਪਣੀ ਹਉਮੈਂ ਦਾ ਦਿਖਾਵਾ ਕਰਨ ਵਾਲੇ ਚਾਰ ਦਿਨਾਂ ਦੇ ਰਾਜੇ ਹੀ ਹੁੰਦੇ ਹਨ।

ਹੇ ਪ੍ਰਭੂ! ਜੋ ਮਨੁੱਖ ਤੇਰਾ ਦਾਸ ਹੋ ਕੇ ਰਹਿੰਦਾ ਹੈ, ਦੁਨੀਆਂ ਦੇ ਰਾਜਿਆਂ ਸਾਹਮਣੇ ਘਾਬਰਦਾ ਨਹੀਂ, ਕਿਉਂਕਿ ਹੇ ਪ੍ਰਭੂ! ਤੇਰੇ ਭਗਤ ਦਾ ਪ੍ਰਭਾਵ ਸਾਰੇ ਜਗਤ ਵਿਚ ਛਾਇਆ ਰਹਿੰਦਾ ਹੈ। ਤੇਰੇ ਭਗਤ ਦੇ ਉਤੇ ਹੱਥ ਚੁੱਕਣਾ ਤਾਂ ਕਿਤੇ ਰਿਹਾ, ਕੋਈ ਉਸ ਨੂੰ ਉੱਚਾ ਬੋਲ ਵੀ ਨਹੀਂ ਸਕਦਾ।

ਹੇ ਮੇਰੇ ਮੂਰਖ ਮਨ! ਤੂੰ ਵੀ ਪਰਮਾਤਮਾ ਨੂੰ ਯਾਦ ਕਰ ਤਾਂ ਜੋ ਤੇਰੇ ਅੰਦਰ ਵੀ ਸਦੀਵੀ ਖੇੜੇ ਦੇ ਇਕ ਵਾਜੇ ਵੱਜਣ। ਤੈਨੂੰ ਦੁਨੀਆਂ ਦੇ ਰਾਜਿਆਂ ਤੋਂ ਕੋਈ ਡਰ ਜਾਂ ਘਬਰਾਹਟ ਨਾ ਹੋਵੇ। ਕਬੀਰ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ ਪ੍ਰਭੂ ਦੀ ਭਗਤੀ ਕਰਦਾ ਹੈ, ਉਸ ਨੂੰ ਉਹ ਧਰੂ, ਪ੍ਰਹਿਲਾਦ ਵਾਂਗ ਪਾਲਦਾ ਹੈ ਅਤੇ ਉਸ ਨੂੰ ਕੋਈ ਡਰ ਨਹੀਂ ਹੁੰਦਾ।

ਸਾਰੰਸ਼ : ਉਪਰੋਕਤ ਸ਼ਬਦ ਦਾ ਤੱਤ ਸਾਰ ਇਹ ਹੈ ਕਿ ਪਰਮਾਤਮਾ ਆਪਣੇ ਭਗਤਾਂ ਦੀ ਸਦਾ ਧਰੂ ਅਤੇ ਪ੍ਰਹਿਲਾਦ ਵਾਂਗ ਰੱਖਿਆ ਕਰਦਾ ਹੈ। ਦੁਨੀਆ ਦੇ ਝੂਠੇ ਰਾਜਿਆਂ ਦੇ ਮੁਕਾਬਲੇ ਉਸ ਸੱਚੇ ਰਾਜੇ (ਪ੍ਰਭੂ) ਦੀ ਉਸਤਤ ਤੇ ਭਗਤੀ ਕਰਨ ਵਾਲੇ ਸਦਾ ਹੀ ਉੱਚੇ ਹੁੰਦੇ ਹਨ। ਦੁਨੀਆਂ ਦੇ ਰਾਜੇ ਦੁਨਿਆਵੀ ਤੌਰ ਤੇ ਭਾਂਵੇ ਕਿੰਨੇ ਵੀ ਉੱਚੇ ਹੋਣ, ਪਰਮਾਤਮਾ ਦੇ ਸੇਵਕ ਸਾਹਮਣੇ ਕੁਝ ਵੀ ਨਹੀਂ ਹੁੰਦੇ।

-0-

15. ਮਨੁੱਖੀ ਸ਼ਖਸੀਅਤ ਦੀ ਸੰਪੂਰਨਤਾ

ਸਦਾ ਤੋਂ ਮਨੁੱਖ ਆਪਣੇ ਆਪ ਨੂੰ ਦੂਜਿਆਂ ਤੋਂ ਵੱਡਾ ਦਿਖਾਉਣ ਦੀ ਕੋਸ਼ਿਸ਼ ਵਿਚ ਰਿਹਾ ਅਤੇ ਇਸਦੀ ਇੱਛਾ ਸਾਰੇ ਸੰਸਾਰ ਤੇ ਵਧੀਆ ਦਿਖਣ ਦੀ ਸਦਾ ਹੀ ਬਣੀ ਰਹੀ, ਇਸ ਇੱਛਾ ਦੀ ਸੰਪੂਰਨਤਾ ਲਈ ਕਦੀ ਲੜਾਈਆਂ ਰਾਹੀਂ ਦੂਜਿਆਂ ਨੂੰ ਜਿੱਤ ਕੇ ਵੱਡਾ ਦਿਖਣ ਦੀ ਕੋਸ਼ਿਸ਼ ਰਹੀ। ਕਦੇ ਕਰਮਕਾਂਡੀ ਬਣ, ਧਾਰਮਿਕ ਹੋਣ ਦਾ ਢੋਂਗ ਰੱਚ ਕੇ ਆਪਣੇ ਆਪ ਨੂੰ ਦੂਜਿਆਂ ਤੋਂ ਚੰਗਾ ਸਾਬਤ ਕਰਨ ਦੀ ਦੌੜ ਜਾਰੀ ਰਹੀ। ਨਿੱਤ ਵਧਦੇ ਮਾਇਆ ਦੇ ਪਸਾਰੇ ਨੇ ਮਨੁੱਖ ਨੂੰ ਇਤਨਾ ਕੁ ਪਦਾਰਥਵਾਦੀ ਬਣਾ ਦਿੱਤਾ ਹੈ ਕਿ ਭਾਂਤ ਭਾਂਤ ਕੇ ਦਿਖਾਵਟੀ ਪਦਾਰਥ ਇਕੱਠੇ ਕਰਕੇ ਆਪ ਨੂੰ ਦੂਜਿਆਂ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਵਿਚ ਲੱਗ ਗਿਆ। ਕੁਝ ਹੱਦ ਤੱਕ ਬਾਹਰੀ ਤੌਰ ਤੇ ਇਨ੍ਹਾਂ ਕੋਸ਼ਿਸ਼ਾਂ ਰਾਹੀਂ ਉਹ ਆਪਣੇ ਆਪ ਵੱਡਾ ਅਤੇ ਦੂਜਿਆਂ ਨੂੰ ਛੋਟਾ ਦਰਸਾਉਣ ਵਿਚ ਕਾਮਯਾਬ ਹੋ ਵੀ ਗਿਆ, ਪਰ ਅੰਦਰ ਖਾਲੀਪਣ ਉਵੇਂ ਹੀ ਬ-ਦਸਤੂਰ ਜਾਰੀ ਰਿਹਾ, ਕਿਉਂਕਿ ਮਨੁੱਖ ਉਸ ਸਿਰਜਣਹਾਰ ਵਾਹਿਗੁਰੂ ਦੀ ਪਹਿਚਾਣ ਭੁੱਲ ਚੁੱਕਾ ਸੀ। ਉਹ ਸਿਰਜਣਹਾਰ ਜੋਹਰ ਇਕ ਵਿਚ ਇਕ ਸਮੇਂ ਇਕੋ ਜਿਹਾ ਵੱਸ ਰਿਹਾ ਹੈ। ਦੂਜਿਆਂ ਨੂੰ ਨੀਂਵਾ ਅਤੇ ਆਪਣੇ ਆਪ ਵੱਡਾ ਦਿਖਾਉਣ ਦੀ ਹੌੜ ਵਿਚ ਮਨੁੱਖ ਅਚੇਤੇ ਹੀ ਉਸ ਸਰਬ ਸ਼ਕਤੀਮਾਨ ਵਾਹਿਗੁਰੂ ਦੇ ਨਿਰਾਦਰ ਦਾ ਕਾਰਨ ਬਣਦਾ ਗਿਆ ਅਤੇ ਇਸ ਨਾਲ ਉਸ ਦਾ ਆਪਣਾ ਖੇੜਾ ਅਤੇ ਸਹਿਜ ਵੀ ਨਿੱਤ ਦਿਨ ਅਲੋਪ ਹੁੰਦਾ ਗਿਆ। ਮਨੁੱਖ ਨੇ ਇਸ ਦੌੜ ਵਿਚ ਅੱਗੇ ਰਹਿਣ ਲਈ ਹੀ ਉਸਨੇ ਉੂਚ ਨੀਚ ਦਾ ਭੇਦ ਭਾਵ ਪਾ ਲਿਆ।

ਇਕਸਾਰ ਪਰਮਾਤਮਾ ਦੀ ਇਕਸਾਰ ਔਲਾਦ ਇਨਸਾਨ ਨੂੰ ਹੀ ਕਿਤੇ ਆਸਮਾਨ ਤੇ ਬਿਠਾ ਦਿੱਤਾ, ਕਿਤੇ ਬਿਲਕੁਲ ਹੀ ਭੁੰਝੇ ਲਾਹ ਦਿੱਤਾ, ਕਿਸੇ ਨੂੰ ਦੁਨੀਆਂ ਭਰ ਦੇ ਗਿਆਨ ਦਾ ਮਾਲਕ ਬਣਾ ਦਿੱਤਾ ਅਤੇ ਕਿਸੇ ਨੂੰ ਤਲਵਾਰ ਫੜਾ ਕੇ ਰਾਜਾ ਬਣਾ ਦਿੱਤਾ। ਕਿਸੇ ਦੇ ਹੱਥ ਸਾਰਾ ਧੰਨ ਪਦਾਰਥ ਇਕੱਤਰ ਕਰ ਦਿੱਤਾ ਅਥੇ ਕਿਸੇ ਨੂੰ ਹੱਥੋਂ ਅਤੇ ਦਿਮਾਗੋਂ ਦੋਹਾਂ ਖਜ਼ਾਨਿਆਂ ਤੋਂ ਖਾਲੀ ਕਰਕੇ ਦੂਜਿਆਂ ਦੇ ਗੁਲਾਮ ਬਣਾ ਦਿੱਤਾ। ਇਸ ਸਾਰੇ ਕੁਝ ਦਾ ਨਤੀਜਾ ਵੀ ਕੁਦਰਤ ਦੇ ਦਸਤੂਰ ਅਨੁਸਾਰ ‘‘ਜੈਸੀ ਨੀਯਤ, ਵੈਸੀ ਮੁਰਾਦ’’ ਦੇ ਰੂਪ ਵਿਚ ਮਿਲਿਆ। ਮਨੁੱਖਤਾ ਦਿਨ ਪ੍ਰਤੀ ਦਿਨ ਬਦਤਰ ਹੁੰਦੀ ਚਲੀ ਗਈ। ਜੇ ਇਕ ਮਨੁੱਖ ਦੂਜੇ ਨੂੰ ਨੀਂਵਾ ਦਿਖਾਉਂਦਾ ਹੈ ਤਾਂ ਉਸ ਦੇ ਅੰਦਰ ਵੱਦ ਰਹੇ ਪਰਮਾਤਮਾ ਨੂੰ ਵੀ ਨੀਂਵਾ ਦਿਖਾਉਂਦਾ ਹੈ ਅਤੇ ਜਿਸ ਹਿਰਦੇ ਵਿਚੋਂ ਨੀਂਵਾ ਦਿਖਾਉਣ ਦੀ ਭਾਵਨਾ ਨਿਕਲੀ ਉਸ ਹਿਰਦੇ ਵਿਚ ਬੈਠੇ ਪਰਮਾਤਮਾ ਦਾ ਵੀ ਨਿਰਾਦਰ ਹੋਇਆ ਤੇ ਇਸਦੇ ਨਤੀਜੇ ਵਜੋਂ ਮਨੁੱਖ ਦੀ ਅੰਦਰਲੀ ਖੁਸ਼ੀ ਗਾਇਬ ਹੋ ਗਈ ਅਤੇ ਉਸ ਦੀ ਥਾਂ ਕ੍ਰੋਧ, ਈਰਖਾ, ਸਾੜੇ ਅਤੇ ਨਫਰਤ ਨੇ ਲੈ ਲਈ। ਯਾਦ ਰੱਖੀਏ! ਜੋ ਕੁਝ ਅਸੀਂ ਕੁਦਰਤ ਵਿਚ ਵੰਡਦੇ ਹਾਂ, ਕੁਦਰਤ ਸਾਨੂੰ ਉਹੀ ਦੁੱਗਣੇ, ਚੌਗੁਣੇ ਰੂਪ ਵਿਚ ਪਰਤਾ ਕੇ ਵਾਪਸ ਕਰਦੀ ਹੈ।

ਅਸੀਂ ਪਿਆਰ ਵੰਡੀਏ, ਵਾਪਸ ਪਿਆਰ ਮਿਲਦਾ ਹੈ, ਅਸੀਂ ਨਫਰਤ ਵੰਡੀਏ, ਵਾਪਸ ਨਫਰਤ ਹੀ ਮਿਲਦੀ ਹੈ। ਸੰਪੂਰਨਤਾ ਅਤੇ ਸਹਿਜ ਦੀ ਰਾਹ ਤੋਂ ਥਿੜਕੇ ਮਨੁੱਖ ਦੀ ਇਸ ਤਰਸਯੋਗ ਹਾਲਤ ਨੂੰ ਦੇਖਦਿਆਂ ਸਮੇਂ ਸਮੇਂ ਹੋਏ ਪਰਮਾਤਮਾ ਦੇ ਸੱਚੇ ਉਪਾਸ਼ਕਾਂ ਸੰਤਾਂ ਭਗਤਾਂ ਨੇ ਓਾਪਣੇ ਆਪਣੇ ਤਲ ਤੇ ਕਈ ਤਰ੍ਹਾਂ ਦੇ ਉਪਰਾਲੇ ਖੀਤੇ, ਪਰ ਸਾਰੇ ਉਪਰਾਲੇ ਇਕ ਇਕੱਲੇ ਵਿਅਕਤੀ ਤੇ ਕੇਂਦਰਿਤ ਹੋਣ ਕਾਰਨ ਵਿਅਕਤੀ ਦੀ ਹੋਂਦ ਦੇ ਖਤਮ ਹੋ ਜਾਣ ਨਾਲ ਹੀ ਖਤਮ ਹੋ ਜਾਂਦੇ ਰਹੇ, ਇਸ ਦਾ ਜਥੇਬੰਦਕ ਰੂਪ ਪਹਿਲੀ ਵਾਰ ਗੁਰੂ ਨਾਨਕ ਸਾਬਿ ਦੀਆਂ ਕੋਸ਼ਿਸ਼ਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਦੋਂ ਉਹ ਮਨੁੱਖਤਾ ਦੇ ਮੁੱਢ ਕਦੀਮ ਦੇ ਸੁਆਲ ''ਕਿਵ ਸਚਿਆਰਾ ਹੋਈਐ'' ਦਾ ਜੁਆਬ ਦੇਣ ਲਈ ਘਰੋਂ ਨਿਕਲ ਤੁਰਦੇ ਹਨ ਅਥੇ ਇਸਦਾ ਜੁਆਬ ਵੀ ਆਪਣੇ ਸਾਰੇ ਦੇ ਸਾਰੇ ਤਜਰਬੇ ਨੂੰ ''ਕੁੱਜੇ ਵਿਚ ਸਮੁੰਦਰ'' ਵਾਂਗ ਬੰਦ ਕਰਦਿਆਂ ਦੇਂਦੇ ਹੋਏ ਫੁਰਮਾਉਂਦੇ ਹਨ; ''ਹੁਕਮਿ ਰਜਾਈ ਚਲਣਾ'' ਉਹਨਾਂ ਦੀ ਘਾਲ ਇਸੇ ਸੁਆਲ ਦੇ ਜੁਆਬ ਨੂੰ ਅਮਲੀ ਜਾਮਾ ਪਹਿਨਾਉਣ ਦੀ ਹੀ ਸੀ। ਆਪਣੇ ਵਰਗੇ ਹੀ ਭਾਈ ਮਰਦਾਨ, ਬੇਬੇ ਨਾਨਕੀ ਅਤੇ ਭਾਂਈ ਮਨਸੁੱਖ ਵਰਗੇ ਇਨਸਾਨਾਂ ਦਾ ਕਾਫਲਾ ਵਧਾਉਂਦੇ ਹੋਏ ਇਕ ਤੋਂ ਦੋ, ਦੋ ਤੋਂ ਚਾਰ, ਚਾਰ ਤੋਂ ਅੱਠ, ਖੇੜੇ ਅਤੇ ਸਹਿਜ ਨਾਲ ਭਰਪੂਰ, ਕੁਦਰਤੀ ਜੀਵਨ ਜਿਊਣ ਵਾਲੇ ਸਚਿਆਰੇ ਮਨੁੱਖ ਹੀ 239 ਸਾਲ ਦੀ ਲੰਮੀ ਘਾਲਣਾ ਤੋਂ ਬਾਅਦ ਜਦੋਂ ਖਾਲਸੇ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ, ਤਾਂ ਆਪ ਦਸਮ ਪਿਤਾ ਐਸੀ ਘੜੀ ਗਈ ਘਾੜਤ ਦੇਖ ਕੇ ਆਪ ਮੁਹਾਰੇ ਹੀ ਬੋਲ ਉੱਠਦੇ ਹਨ : ''ਖਾਲਸਾ ਮੇਰੋ ਰੂਪ ਹੈ ਖਾਸ॥ ''

ਅੰਦਰੋਂ ਬਾਹਰੋਂ ਆਪਣੇ ਹੀ ਸਿਰਜਣਹਾਰ ਪਰਮਾਤਮਤ ਦੀ ਮੁਕੰਮਲ ਤਸਵੀਰ ਹੈ ਇਹ ਸਚਿਆਰਾ ਮਨੁੱਖ ਖਾਲਸਾ। ਮਨੁੱਖੀ ਸਖਸ਼ੀਅਤ ਦੀ ਸੰਪੂਰਨਤਾ ਹੈ, ਖਾਲਸਾ, ਭਾਂਵੇ ਭਗਤ ਕਬੀਰ ਜੀ ਵੀ ਇਸੇ ਸੰਪੂਰਨਤਾ ਨੂੰ ਪ੍ਰਾਪਤ ਕਰ ਚੁੱਕੇ ਮਨੁੱਖ ਲਈ ਵੀ ਖਾਲਸਾ ਸ਼ਬਦ ਵਰਤਦੇ ਹੋਏ ਕਹਿੰਧੇ ਹਨ, ''ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ '' ਗੁਰੂ ਸਾਹਿਬਾਨ ਦੇ ਰਾਹ ਤੇ ਨਿਯਮਬੱਧ ਰੂਪ ਵਿਚ ਪੌੜੀ ਦਰ ਪੌੜੀ ਚੜ੍ਹਦਾ ਹੋਇਆ, ਕੋਈ ਵੀ ਸਾਧਾਰਣ ਮਨੁੱਖ ਸ਼ਖਸੀਅਤ ਦੀ ਇਸ ਉਚਾਈ ਨੂੰ ਸਹਿਜੇ ਹੀ ਛੂਹ ਲੈਂਦਾ ਹੈ ਅਤੇ ਮਨੁੱਖ ਦੀ ਇਹ ਹੀ ਤਾਂ ਮੰਜ਼ਿਲ ਹੈ।

ਗੁਰੂ ਸਾਹਿਬਾਨਾਂ ਵਲੋਂ 239 ਸਾਲਾਂ ਦੇ ਲਗਾਤਾਰ ਤਨਦੇਹੀ ਨਾਲ ਕੀਤੀ ਮਿਹਨਤ ਦੁਆਰਾ ਘੜਿਆ ਗਿਆ ਹੀਰਾ ''ਖਾਲਸਾ'' ਆਪਣੇ ਹਰ ਕੌਣ ਤੋਂ ਹਰ ਸਮੇਂ ਇਕੋ ਜਿੰਨੀ ਰੋਸ਼ਨੀ ਬਖੇਰਦਾ ਹੈ। ਇਹ ਇਕੋ ਸਮੇਂ ਤਿਆਗੀ ਵੀ ਹੈ, ਭੋਗੀ ਵੀ, ਸੰਤ ਵੀ ਹੈ ਤੇ ਸਿਪਾਹੀ ਵੀ, ਰਾਜਾ ਵੀ ਹੈ ਤੇ ਫਕੀਰ ਵੀ, ਮਾਲਕ ਵੀ ਹੈ ਤੇ ਨੌਕਰ ਵੀ। ਇਕ ਪੱਖੀ ਨਹੀਂ ਸਗੋਂ ਸਰਬਪੱਖੀ ਸ਼ਖਸੀਅਤ ਦਾ ਧਾਰਣੀ ਹੈ ''ਖਾਲਸਾ''। ਸਿਰਫ ਧਾਰਣੀ ਹੀ ਨਹੀਂ ਸਗੋਂ ਹਰ ਪੱਖ ਤੋਂ ਇਕੋ ਜਿਹਾ ਸੰਪੂਰਨ ਵੀ ਹੈ। ਕਿਸੇ ਵੀ ਅੰਦਰੋਂ ਬਾਹਰੋਂ ਖਾਲਸ ਮਨੁੱਖ ਦਾ ਇਕ ਪਲ ਦਾ ਦੀਦਾਰ ਵੀ ਅੱਖਾਂ ਚੁੰਧਿਆਂ ਜਾਂਦਾ ਹੈ। ਕਥਨੀ ਅਤੇ ਕਰਨੀ ਦਾ ਸੁਮੇਲ ਵੀ ਇਹ ਕਰਾਮਾਤ ਦਿਖਾ ਸਕਦਾ ਹੈ ਕਿ :

ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥

(ਪੰਨਾ: ੧੩੭੨-ਸਲੋਕ ਭਗਤ ਕਬੀਰ ਜੀ)

ਪਰ ਇਸ ਅਵਸਥਾ ਤੱਕ ਪਹੁੰਚਣ ਲਈ ਮਨੁੱਖ ਨੂੰ ਬਹੁਤ ਸਾਰੀ ਜਦੋ ਜਹਿਦ ਕਰਨੀ ਪੈਂਦੀ ਹੈ। ਇਸ ਘਾਲਣਾ ਰਾਹੀਂ ਮਨੁੱਖ ਆਪਣੇ ਸਰੀਰਿਕ ਅਤੇ ਆਤਮਕ ਦੋਹਾਂ ਰੂਪਾਂ ਨੂੰ ਉਸ ਬੇਅੰਤ ਕਾਦਰ ਦੀ ਕੁਦਰਤ ਦੇ ਅਨੁਸ਼ਾਸ਼ਨ ਵਿਚ ਢਾਲ ਕੇ ਫਿਰ ਸਵੈ-ਅਨੁਸ਼ਾਸ਼ਿਤ ਹੋ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਇਸ ਦੌਰਾਨ ਉਹ ਕਈ ਮਾਨਸਿਕ ਅਵਸਥਾਵਾਂ ਵਿਚੋਂ ਗੁਜ਼ਰਦਾ ਹੈ।

ਆਰੰਭਤਾ : ਸਾਧਾਰਣ ਮਨੁੱਖ ਤੋਂ ਸਚਿਆਰ ਅਤੇ ਫਿਰ ਖਾਲਸੇ ਦੀ ਪਦਵੀ ਤੱਕ ਪਹੁੰਚਣ ਲਈ ਗੁਰੂ ਸਾਹਿਬਾਨਾਂ ਦੀ ਦੱਸੀ ਜੁਗਤ ਦਾ ਧਾਰਣੀ ਹੋਣ ਲਈ ਅਮਮ੍ਰਿਤ ਛੱਕ ਕੇ ਗੁਰੂ ਵਾਲਾ ਬਣ ਕੇ, ਕਕਾਰਾਂ ਦਾ ਧਾਰਣੀ ਹੋ ਕੇ, ਪੂਰੀ ਰਹਿਤ ਰੱਖਦਾ ਹੋਇਆ, ਗੁਰਮਤਿ ਮਰਿਯਾਦਾ ਅਨੁਸਾਰ ਜੀਵਨ ਜੀਊਂਦਾ ਹੋਇਆ ਸਹਿਜੇ ਸਹਿਜੇ ਆਪਣੇ ਰਾਹ ਤੇ ਅੱਗੇ ਵਧਦਾ ਜਾਂਦਾ ਹੈ। ਗੁਰੂ ਸਾਹਿਬ ਦੀ ਦੱਸੀ ਮਰਿਯਾਦਾ ਮਨੁੱਖ ਨੂੰ ਪੂਰੀ ਤਰ੍ਹਾਂ ਕੁਦਰਤੀ ਜੀਵਨ ਨਾਲ ਜੋੜਦੀ ਹੈ। ਇਨਸਾਨ ਸਵੇਰੇ ਜਲਦੀ ਉੱਠਦਾ ਹੈ, ਇਸ਼ਨਾਨ ਆਦਿਕ ਦੇ ਨਿਤਕਰਮ ਤੋਂ ਫੁਰਸਤ ਪਾ ਕੇ ਕੁਝ ਚਿਰ ਲਈ ਉਸ ਕਾਦਰ ਦੀ ਯਾਦ ਵਿਚ ਜੁੜਦਾ ਹੈ। ਕਣ ਕਣ ਵਿਚ ਉਸ ਨੂੰ ਦੇਖਦਾ ਹੈ ਅਤੇ ਦੇਖ ਸਕਣ ਦੀ ਯੋਗਤਾ ਲਈ ਧੰਨਵਾਦ ਦਿੰਦਾ ਹੈ, ਰਾਹ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਦੀ ਤਿਆਰੀ ਪਹਿਲਾਂ ਕਰਨੀ ਪੈਂਦੀ ਹੈ। ਮਰਿਯਾਦਾ ਖਾਲਸੇ ਦੀ ਰਾਹ ਖਰਚ ਅਤੇ ਤਿਆਰੀ ਹੀ ਹੈ। ਇਸ ਬਿਨ੍ਹਾਂ ਇਨਸਾਨ ਧਰਮ ਦੇ ਰਾਹ ਤੇ ਤੁਰਨ ਵਿਚ ਔਖਾ ਹੁੰਦਾ ਹੈ। ਜੇ ਇਹ ਰਾਹ ਖਰਚ ਪੂਰੀ ਮਾਤਰਾ ਵਿਚ ਸਾਡੇ ਕੋਲ ਹੈ ਤਾਂ ਧਰਮ ਦੇ ਰਾਹ ਤੇ ਤੁਰਨ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਵੇਗੀ।

ਧਰਮ : ਤਿਆਰੀ ਦੇ ਨਾਲ ਹੀ ਸ਼ੁਰੂ ਹੋ ਜਾਂਦੀ ਹੈ ਧਰਮ ਦੇ ਰਾਹ ਦੇ ਯਾਤਰਾ। ਜੇਕਰ ਅਸੀਂ ਸਿਰਫ ਅੰਮ੍ਰਿਤ ਛੱਕ ਕੇ ਕਕਾਰ ਧਾਰਣ ਕਰ ਲੈਣ ਨੂੰ ਹੀ ਧਰਮੀ ਹੋ ਜਾਣਾ ਸਮਝ ਲਈਏ ਤਾਂ ਸਾਡੀ ਬਹੁਤ ਵੱਡੀ ਗਲਤੀ ਹੋਵੇਗੀ। ਉਹ ਜ਼ਰੂਰਤਾਂ ਅਤੇ ਵਰਦੀ ਹਨ ਸਕੂਲ ਵਿਚ ਦਾਖਲ ਹੋਣ ਲਈ, ਪਰ ਪੜ੍ਹਾਈ ਤਾਂ ਕਰਨੀ ਹੀ ਪਵੇਗੀ। ਕਕਾਰ ਧਾਰਣ ਕਰ ਲੈਣਾ ਜਾਂ ਨਿਤਨੇਮ ਕਰਨਾ ਧ੍ਰਮੀ ਹੋਣ ਦਾ ਸਰਟੀਫਿਕੇਟ ਨਹੀਂ। ਇਸ ਰਾਹ ਤੇ ਤੁਰਨ ਲਈ ਕਠਿਨ ਘਾਲਣਾ ਦੀ ਲੋੜ ਹੈ। ਜਿਵੇਂ ਕੋਈ ਫੌਜੀ ਵਰਦੀ ਪਾ ਕੇ ਹਥਿਆਰ ਸਜਾ ਕੇ ਉਦੋਂ ਤੱਕ ਲੜਨ ਦਾ ਅਧਿਕਾਰ ਨਹੀਂ ਰੱਖਦਾ, ਜਦੋਂ ਤੱਕ ਕਿ ਉਸ ਨੇ ਲੜਾਈ ਦੀ ਪੂਰੀ ਟਰੇਨਿੰਗ ਨਾ ਲਈ ਹੋਵੇ। ਧਰਮੀ ਅਖਵਾਉਣ ਦਾ ਅਧਿਕਾਰ ਬਹੁਤ ਘਾਲਣਾ ਤੋਂ ਬਾਅਦ ਮਿਲਦਾ ਹੈ। ਇਸ ਘਾਲਣਾ ਵਿਚ ਆਪਣੇ ਆਪ ਨੂੰ ਕੁਦਰਤ ਦੇ ਚਲ ਰਹੇ ਸਿਲਸਿਲੇ ਦੇ ਨਿਯਮਬੱਧ ਅਨੁਸ਼ਾਸ਼ਨ ਵਿਚ ਢਾਲ ਲੈਣਾ ਹੁੰਦਾ ਹੈ। ਇਨਸਾਨ ਹੌਲੀ ਹੌਲੀ ਅੰਦਰੋਂ ਸਵੈ-ਅਨੁਸ਼ਾਸ਼ਿਤ ਹੋਣ ਲੱਗਦਾ ਹੈ। ਇਹੀ ਧਰਮ ਦੇ ਰਾਹ ਦੀ ਸ਼ੁਰੂਆਤ ਹੈ। ਇਸ ਰਾਹ ਤੇ ਤੁਰਦਿਆਂ ਫਿਰ ਤੁਰਨ ਦੇ ਮੰਤਵ ਅਤੇ ਮੰਜ਼ਿਲ ਬਾਰੇ ਬਹੁਤ ਸਾਰੇ ਸੁਆਲ ਮਨ ਵਿਚ

ਉੱਠਣੇ ਸ਼ੁਰੂ ਹੋ ਜਾਂਦੇ ਹਨ, ਜਿਹਾ ਕਿ ਸ਼੍ਰਿਸ਼ਟੀ ਕਿਉਂ ਹੈ, ਕਦੋਂਤੋਂ ਹੈ, ਮੈਂ ਇਸ ਸ਼੍ਰਿਸ਼ਟੀ ਦਾ ਹਿੱਸਾ ਕਿਉਂ ਹਾਂ, ਮੇਰੀ ਹੋਂਦ ਦਾ ਕਾਰਨ ਕੀ ਹੈ, ਮੈਂ ਕਿਥੋਂ ਆਇਆ ਹਾਂ ਅਤੇ ਮੇਰੀ ਮੰਜ਼ਿਲ ਕੀ ਹੈ ਆਦਿ?

ਧਰਮ ਦੇ ਮਾਰਗ ਤੇ ਉੱਠੇ ਅਜਿਹੇ ਸੁਆਲਾਂ ਦਾ ਜੁਆਬ ਵੀ ਧਰਮ ਦੇ ਮਾਰਗ ਉਤੇ ਤੁਰਦਿਆਂ ਹੀ ਮਿਲ ਸਕਦਾ ਹੈ, ਸੋ ਮਨੁੱਖ ਸੁਆਲਾਂ ਦਾ ਜੁਆਬ ਲੱਭਣ ਲਈ ਹੀ ਹੋਰ ਪੱਕੇ ਪੈਰੀਂ ਹੋ, ਇਸ ਰਾਹ ਤੇ ਕਦਮ ਧਰਦਾ ਹੈ ਅਤੇ ਗਿਆਨ ਦੀ ਪ੍ਰਾਪਤੀ ਵੱਲ ਵੱਧਦਾ ਹੈ।

ਗਿਆਨ : ਗਿਆਨ ਰਤਨਿ ਸਭ ਸੋਝੀ ਹੋਇ॥

(੩੬੪-੧, ਆਸਾ, ਮ: ੩)

ਅੰਦਰੋਂ ਉੱਠੇ ਸਭ ਸੁਆਲਾਂ ਦਾ ਜੁਆਬ ਲੱਭਣ ਲਈ ਮਨੁੱਖ ਨੂੰ ਪਹਿਲਾਂ ਬਾਹਰੀ ਤੌਰ ਤੇ ਗਿਆਨ ਪ੍ਰਾਪਤ ਕਰਨਾ ਪੈਂਦਾ ਹੈ ਤੇ ਫਿਰ ਅੰਦਰੂਨੀ ਤੌਰ ਤੇ ਹੌਲੀ ਹੌਲੀ ਸੂਝ ਬੂਝ ਵਧਣੀ ਸ਼ੁਰੂ ਹੋ ਜਾਂਦੀ ਹੈ। ਇਸ ਰਾਹੀਂ ਮਨੁੱਖ ਨੂੰ ਆਪਣੇ ਅਮਦਰੋਂ ਸਵੈ-ਹੋਂਦ, ਸ਼੍ਰਿਸ਼ਟੀ ਅਤੇ ਪਰਮਾਤਮਾ ਬਾਰੇ ਉੱਠੇ ਸੁਆਲਾਂ ਦੇ ਜੁਆਬ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਨਸਾਨ ਨੂੰ ਇਹ ਸਮਝ ਆ ਸਕਦੀ ਹੈ ਕਿ ਮਨੁੱਖਾ ਜਨਮ ਦੀ ਮੰਜ਼ਿਲ ਕੀ ਹੈ ਅਤੇ ਇਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਉਦਾਹਰਣ ਵਜੋਂ ਇਕ ਫੁੱਲ ਦੀ ਮੰਜ਼ਿਲ ਖੇੜਾ ਅਤੇ ਮਹਿਕ ਵੰਡਣਾ ਹੈ ਅਤੇ ਇਕ ਮਨੁੱਖ ਦੀ ਮੰਜ਼ਿਲ ਵੀ ਖੇੜਾ ਅਤੇ ਮਹਿਕ ਵੰਡਣਾ ਹੀ ਹੈ। ਇਸ ਲਈ ਫੁੱਲ ਨੇ ਵੀ ਪੂਰਾ ਖਿੜਨਾ ਹੈ ਅਤੇ ਮਨੁੱਖ ਨੇ ਵੀ, ਪਰ ਫੁੱਲ ਦੇ ਖਿੜਨ ਅਤੇ ਮਨੁੱਖ ਦੇ ਖਿੜਨ ਦੀ ਬੁਨਿਆਦ ਦਾ ਫਰਕ ਹੈ, ਸਮਝ। ਫੁੱਲ ਵੀ ਕੁਦਰਤੀ ਨਿਯਮ ਅਨੁਸਾਰ ਹੀ ਖਿੜ ਰਿਹਾ ਹੈ, ਪਰ ਉਸ ਨੂੰ ਪਤਾ ਨਹੀਂ ਕਿ ਉਸ ਨੇ ਕਿਉਂ ਖਿੜਨਾ ਹੈ, ਕਿਵੇਂ ਖਿੜਨਾ ਹੈ ਤੇ ਇਸ ਖੇੜੇ ਅਤੇ ਮਹਿਕ ਨੂੰ ਕਿਵੇਂ ਵੰਡਣਾ ਹੈ? ਪਰ ਮਨੁੱਖ ਨੂੰ ਕੁਦਰਤ ਨੇ ਇਹ ਸੂਝ ਬੂਝ ਦਿੱਤੀ ਹੈ ਕਿ ਉਹ ਇਹ ਜਾਣ ਸਕੇ ਕਿ ਉਸਨੇ ਕਿਉਂ ਖਿੜਨਾ ਹੈ, ਕਿਵੇਂ ਖਿੜਨਾ ਹੈ ਤੇ ਇਸ ਖੇੜੇ ਨੂੰ ਕਿਵੇਂ ਵੰਡਣਾ ਹੈ? ਇਸ ਲਈ ਮਨੁੱਖ ਧਰਮ ਦੇ ਰਾਹ ਤੇ ਗਿਆਨ ਦੁਆਰਾ ਪ੍ਰਾਪਤ ਹੋਏ ਆਤਮਕ ਖੇੜੇ ਨੂੰ ਮਾਣਦਾ ਵੀ ਹੈ ਅਤੇ ਵੰਡਦਾ ਵੀ ਹੈ। ਇਸ ਤਰ੍ਹਾਂ ਆਪਣੇ ਦੁਨਿਆਵੀ ਅਤੇ ਆਤਮਕ ਦੋਹਾਂ ਫਰਜ਼ਾਂ ਨੂੰ ਪੂਰਾ ਕਰਦਾ ਹੋਇਆ ਉਹ ਆਪਣੀ ਮੰਜ਼ਿਲ ਵੱਲ ਹੋਰ ਪੱਕੇ ਪੈਰੀਂ ਤੁਰਦਾ ਹੈ ਅਤੇ ਨਾਲੋਂ ਨਾਲ ਇਸ ਰਾਹ ਬਾਰੇ ਹੋਰ ਵਧੇਰੇ ਸੂਝ ਬੂਝ ਪ੍ਰਾਪਤ ਕਰਦਾ ਹੈ।

ਘਾਲਣਾ : ਇਸ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਸ਼ੁਰੂ ਹੋ ਜਾਂਦੀ ਹੈ ਇਸ ਪ੍ਰਾਪਤੀ ਨੂੰ ਵੰਡਣ ਦੀ ਘਾਲਣਾ। ਵੰਡਣ ਲਈ ਬਹੁਤ ਸਾਰੀ ਘਾਲਣਾ ਦੀ ਲੋੜ ਹੁੰਦੀ ਹੈ, ਪਰ ਜਿਸ ਨੂੰ ਸਮਝ ਆ ਜਾਵੇ ਉਹ ਵੰਡੇ ਬਗੈਰ ਨਹੀਂ ਰਹਿ ਸਕਦਾ। ਉਹ ਚਾਹੇ ਬਾਬਾ ਫਰੀਦ ਜੀ ਹੋਣ, ਭਗਤ ਕਬੀਰ ਜੀ ਜਾਂ ਫਿਰ ਗੁਰੂ ਨਾਨਕ ਸਾਹਿਬ ਜੀ, ਜਲ ਰਹੇ ਜਗਤ ਨੂੰ ਤਾਰਨ ਦੀ ਘਾਲ ਸਾਰਿਆਂ ਦੀ ਹੀ ਰਹੀ ਹੈ। ਗੁਰੂ ਨਾਨਕ ਸਾਹਿਬ ਬਾਰੇ ਤਾਂ ਭਾਈ ਗੁਰਦਾਸ ਜੀ ਦਾ ਸਪਸ਼ਟ ਫੁਰਮਾਣ ਹੈ :

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥

(ਪੰਨਾ: ੧੩੭੪-ਸਲੋਕ, ਭਗਤ ਕਬੀਰ ਜੀ)

ਭਾਵ ਜਿਨ੍ਹਾਂ ਨੂੰ ਸਮਝ ਨਹੀਂ ਉਹ ਸੁੱਖ ਦੀ ਨੀਂਦ ਸੌਂਦੇ ਹਨ ਤੇ ਜੇ ਸਮਝ ਆ ਗਈ ਹੈ ਤਾਂ ਵੰਡਣ ਦੀ ਪੂਰੀ ਜ਼ਿੰਮੇਵਾਰੀ ਵਰਗੀ ਬਲਾ ਵੀ ਮੇਰੇ ਸਿਰ ਨਾਲ ਹੀ ਪਈ ਹੈ, ਭਾਵ ਪ੍ਰਾਪਤ ਕਰਕੇ ਬਹਿ ਜਾਣਾ ਧਰਮੀ ਦਾ ਕੰਮ ਨਹੀਂ, ਸਗੋਂ ਇਸ ਪ੍ਰਾਪਤ ਕੀਤੇ ਖਜ਼ਾਨੇ ਨੂੰ ਨਾਲੋਂ ਨਾਲ ਵੰਡਦੇ ਜਾਣਾ ਹੈ। ਪ੍ਰਾਪਤੀ ਅਤੇ ਵੰਡ ਦੇ ਨਾਲ ਹੀ ਇਸ ਖਜ਼ਾਨੇ ਦੀ ਸੰਭਾਲ ਲਈ ਵੀ ਘਾਲਣਾ ਜ਼ਰੂਰੀ ਹੈ। ਸੋ ਆਸ਼ੇ ਤੋਂ ਨਾ ਥਿੜਕਦਿਆਂ ਹੋਇਆ ਇਕ ਖਾਲਸਾ ਬਣਨ ਜਾ ਰਿਹਾ ਮਨੁੱਖ ਇਸ ਦੀ ਸੰਭਾਲ ਲਈ ਵੀ ਰੋਜ਼ਾਨਾ ਦੀ ਮਰਿਯਾਦਾ ਨੂੰ ਸ਼ੁਰੂਆਤ ਵਰਗੀ ਤਨਦੇਹੀ ਨਾਲ ਹੀ ਨਿਭਾਉਂਦਾ ਹੈ।

ਖੇੜਾ : ਧਰਮ ਦੇ ਮਾਰਗ ਤੇ ਪੈਰ ਧਰਨ ਤੋਂ ਬਾਅਦ ਇਸ ਰਾਹ ਤੇ ਤੁਰਦਿਆਂ ਪ੍ਰਾਪਤ ਕੀਤੀ ਸੂਝ ਬੂਝ ਨੂੰ ਵੰਡਣ ਲਈ ਕੀਤੀ ਘਾਲਣਾ ਨਾਲ ਇਕ ਅਜੀਬ ਜਿਹੀ ਸ਼ਾਂਤੀ ਮਨ ਨੂੰ ਮਿਲਦੀ ਹੈ। ਜੋ ਚਿਹਰੇ ਨੂੰ ਵੀ ਅਸੀਮ ਖੇੜਾ ਬਖਸ਼ਦੀ ਹੈ। ਇਸ ਅਵਸਥਾ ਤੇ ਪਹੁੰਚਦਿਆਂ ਮਨੁੱਖ ਇਹ ਨਹੀਂ ਦੇਖਦਾ ਕਿ ਅਗਲਾ ਪਾਉਣ ਦਾ ਹੱਕਦਾਰ ਹੈ ਜਾਂ ਨਹੀਂ। ਬਸ ਪਰਮਾਤਮਾ ਵਾਂਗ ਇਕ ਨਜ਼ਰ ਨਾਲ ਸਭ ਨੂੰ ਇਕੋ ਜਿਹਾ ਵੰਡੀ ਜਾਂਦਾ ਹੈ ਚਾਹੇ ਉਹ ਪਿਆਰ ਜਾਂ ਫਿਰ ਗੁਣ ਜਾਂ ਗਿਆਨ। ਉਸ ਦੇ ਨੇੜੇ ਆਇਆ ਹਰ ਮਨੁੱਖ ਉਸ ਦੇ ਪਿਆਰ ਭਰੇ ਵਤੀਰੇ, ਗੁਣ ਅਤੇ ਗਿਆਨ ਵੰਡਣ ਤੋਂ ਉਪਜੇ ਖੇੜੇ ਦੀ ਆਪ ਮੁਹਾਰੇ ਖਿੰਡਦੀ ਮਹਿਕ ਤੋਂ ਪ੍ਰਭਾਵਿਤ ਹੋ ਜਾਂਦਾ ਹੈ। ਇਸ ਅਵਸਥਾ ਨੂੰ ਵੀ ਸਚਿਆਰ ਹੋਣ ਦੀ ਰਾਹ ਤੁਰਿਆ ਮਨੁੱਖ ਆਪਣੀ ਘਾਲਣਾ ਦਾ ਨਤੀਜਾ ਸਮਝ ਕੇ ਸਗੋਂ ਉਸ ਸਿਰਜਣਹਾਰ ਦੀ ਬਖਸ਼ਿਸ਼ ਹੋਇਆ ਲਗਾਤਾਰ ਸ਼ੁਕਰਾਨੇ ਵਿਚ ਵਿਚਰਨਾ ਸ਼ੁਰੂ ਕਰ ਦਿੰਦਾ ਹੈ। ਪਰ ਇਥੇ ਵੀ ਪਹਿਲੀ ਅਵਸਥਾ ਵਰਗੀ ਹਰ ਪਲ ਤਿਆਰੀ, ਦੂਜੀ ਵਰਗਾ ਹਰ ਪਲ ਸਵੈ-ਅਨੁਸ਼ਾਸ਼ਨ, ਤੀਜੀ ਵਰਗੀ ਹਰ ਪਲ ਗਿਆਨ ਦੀ ਪ੍ਰਾਪਤੀ ਅਤੇ ਚੌਥੀ ਵਾਂਗ ਪਲ ਪਲ ਸਭ ਕੁਝ ਵੰਡ ਜਾਣ ਅਤੇ ਦੇ ਜਾਣ ਦੀ ਭਾਵਨਾ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀ ਹੈ।

ਸਚਿਆਰਤਾ : ਇਹ ਉਹ ਮਾਨਸਿਕ ਅਵਸਥਾ ਹੈ ਕਿ ਜਿਥੇ ਇਨਸਾਨ ਉਪਰੋਕਤ ਸਾਰੀਆਂ ਮਾਨਸਿਕ ਅਵਸਥਾਵਾਂ ਵਿਚ ਲਗਾਤਾਰ ਇਕਸਾਰ ਰਹਿੰਦਾ ਹੋਇਆ ਆਪਣੀ ਅਸਲ ਮੰਜ਼ਿਲ ਨੂੰ ਪਾ ਲੈਂਦਾ ਹੈ। ਉਸ ਨੂੰ ਆਪਣੇ ਪਰਮਾਤਮਾ ਵਿਚਲੇ ਸਬੰਧ ਦੀ ਸਮਝ ਆ ਜਾਂਦੀ ਹੈ। ਇਸ ਸਮਝ ਨੂੰ ਉਹ ਹੋਰਾਂ ਨਾਲ ਵੀ ਵੰਡ ਰਿਹਾ ਹੁੰਦਾ ਹੈ। ਇਥੇ ਕੋਈ ਪ੍ਰਸ਼ਨ ਬਾਕੀ ਨਹੀਂ ਰਹਿ ਜਾਂਦਾ, ਉਹ ਪੂਰਨ ਤੌਰ 'ਤੇ ਹੁਕਮ ਮੰਨਣ ਦੀ ਅਵਸਥਾ ਵਿਚ ਆ ਜਾਂਦਾ ਹੈ। ਇਹ ਉਹ ਅਵਸਥਾ ਹੈ ਜਿਥੇ ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ, ਜਿਥੇ ਉਸਨੂੰ ਖਾਲਸਾ ਹੋਣ ਦੀ ਪਦਵੀ ਭਗਤ ਕਬੀਰ ਜੀ ਇਹ ਕਹਿ ਕੇ ਦਿੰਦੇ ਹਨ :

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥

(ਪੰਨਾ: ੬੫੫-ਸੋਰਠਿ, ਭਗਤ ਕਬੀਰ ਜੀ)

ਇਸ ਅਵਸਥਾ ਵਿਚ ਗੁਰਬਾਣੀ ਰਾਹੀਂ ਮਨੁੱਖ ਨੂੰ ਪਰਮਾਤਮਾ ਵਰਗੇ ਹੋ ਜਾਣ ਦੀ ਪਦਵੀ ਮਿਲ ਜਾਂਦੀ ਹੈ।

ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ॥

(ਪੰਨਾ: ੪੪੭-ਆਸਾ, ਮ:੪)

ਇਸ ਅਵਸਥਾ ਵਿਚ ਉਹ ਪਰਮਾਤਮਾ ਵਰਗੇ ਸਾਰੇ ਗੁਣਾਂ ਨਿਰਭੈਤਾ, ਨਿਰਵੈਰਤਾ, ਮਿੱਠ ਬੋਲੜਾਪਣ, ਨਿਮਰਤਾ, ਹਲੀਮੀ, ਦੇਖ ਕੇ ਅਣਡਿੱਠ ਕਰਨਾ ਅਤੇ ਸਮੁੱਚੇ ਸੰਸਾਰ ਦਾ ਭਲਾ ਮੰਗਣ ਦਾ ਧਾਰਣੀ ਹੋ ਜਾਂਦਾ ਹੈ। ਇਨ੍ਹਾਂ ਗੁਣਾਂ ਨੂੰ ਪ੍ਰਾਪਤ ਕਰ ਕੇ ਵੰਡਣ ਦੀ ਘਾਲਣਾ ਘਾਲਦਿਆਂ ਉਪਜੇ ਚਾਉ ਅਤੇ ਸਦੀਵੀ ਖੇੜੇ ਕਾਰਨ ਮਨੁੱਖ ਉਸ ਸਹਿਜਤਾ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਥੇ ਨਾ ਕੋਈ ਪ੍ਰਸ਼ਨ ਹੁੰਦਾ ਹੈ ਨਾ ਕੋਈ ਮਾਨਸਿਕ ਕਲੇਸ਼ ਅਤੇ ਨਾ ਹੀ ਕੋਈ ਇੱਛਾ ਜਾਂ ਕਾਮਨਾ ਹੁੰਦੀ ਹੈ। ਉਹ ਮੁਕਤ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ :

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥

(ਪੰਨਾ: ੮੩੧-ਬਿਲਾਵਲ, ਮ: ੯)

ਅੰਤ ਵਿਚ ਇਕ ਸਚਿਆਰ ਮਨੁੱਖ ਭਾਵ ਇਕ ਖਾਲਸਾ ਅਸਲ ਵਿਚ ਮਨੁੱਖੀ ਸ਼ਖਸੀਅਤ ਦੀ ਮਾਨਸਿਕ ਅਵਸਥਾ ਹੈ ਉਹ ਅਸੀਮ ਲਗਦਾ ਹੈ। ਉਸ ਲਈ ਸ਼ੁਕਰ ਦੀ ਭਾਵਨਾ ਨਹੀਂ ਹੁੰਦੀ ਹੈ ਅਤੇ ਮਿਲੇ ਹੋਏ ਨੂੰ ਵੰਡ ਦੇਣ ਦੀ ਮਿਲੀ ਸਮਰੱਥਾ ਲਈ ਵੀ ਸ਼ੁਕਰ ਦੀ ਭਾਵਨਾ ਹੁੰਦੀ ਹੈ। ਵੰਡ ਕੇ ਆਪਣੇ ਆਪ ਨੂੰ ਰੱਬ ਨਹੀਂ ਸਮਝਦਾ ਸਗੋਂ ਇਸ ਵੰਡ ਦੇਣ ਨੂੰ ਵੀ ਉਸ ਮਾਲਕ ਦੀ ਬਖਸ਼ਿਸ਼ ਸਮਝਦਾ ਹੈ। ਗੁਣਾਂ ਦਾ ਖਜ਼ਾਨਾ ਹੋ ਕੇ ਵੀ ਹੋਰ ਸਿੱਖਣ ਲਈ ਵੀ ਸਦਾ ਬਿਹਬਲ ਅਤੇ ਵੰਡਣ ਲਈ ਵੀ ਸਦਾ ਬਿਹਬਲ। ਇਹ ਸਭ ਕੁਝ ਉਸ ਨੂੰ ਚੰਗੇ ਤੋਂ ਹੋਰ ਚੰਗੇਰਾ ਬਣਾਉਂਦਾ ਹੈ। ਇਸ ਲਗਾਤਾਰ ਘਾਲਣਾ ਦੁਆਰਾ ਅਤੇ ਸੰਪੂਰਨ ਆਤਮਕ ਅਡੋਲਤਾ ਵਿਚ ਟਿਕੀ ਇਕ ਖਾਲਸੇ ਦੀ ਸ਼ਖਸੀਅਤ ਚੌਪਾਸੀ ਚਾਨਣ ਬਖੇਰਦੀ ਹੋਈ ਵੀ ਹਰ ਕਿਸੇ ਨੂੰ ਆਪਣੇ ਗੁਣ ਭਰਪੂਰ ਚਾਨਣ ਦੀ ਲਪੇਟ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ।

-0-

ਪ੍ਰਸ਼ਨ ਪੱਤਰ ਪਾਠ ਨੰ. 9

1. ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ਤੇ ਗੁਰਿਆਈ ਕਦੋਂ ਮਿਲੀ?

2. ਭੰਗਾਣੀ ਦੇ ਯੁੱਧ ਵਿਚ ਕਿਨ੍ਹਾਂ ਪ੍ਰਮੁੱਖ ਵਿਅਕਤੀਆਂ ਨੇ ਹਿੱਸਾ ਲਿਆ?

3. ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਤੇ ਨੋਟ ਲਿਖੋ?

4. ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਿਆਨ ਕਰੋ?

5. ਮਾਤਾ ਗੁਜਰੀ ਜੀ ਦੀ ਸ਼ਖਸੀਅਤ ਤੇ ਲੇਖ ਲਿਖੋ?

6. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਹਾਲਾਤ ਵਰਣਨ ਕਰੋ?

7. ਭਾਈ ਡੱਲੇ ਨੇ ਅੰਮ੍ਰਿਤ ਕਿਉਂ ਛਕਿਆ?

8. ਮਹਾਰਾਜਾ ਰਣਜੀਤ ਸਿੰਘ ਜੀ ਦੀ ਸ਼ਖਸੀਅਤ ਬਿਆਨ ਕਰੋ?

9. ਅਕਾਲੀ ਫੂਲਾ ਸਿੰਘ ਜੀ ਨੇ ਸਿੱਖ ਰਾਜ ਵਿਚ ਕੀ ਯੋਗਦਾਨ ਪਾਇਆ?

10. ਸ੍ਰ. ਹਰੀ ਸਿੰਘ ਨਲੂਆ ਦੁਨੀਆਂ ਦਾ ਪ੍ਰਮੁੱਖ ਫੌਜੀ ਜਰਨੈਲ ਕਿਵੇਂ ਹੈ? ਬਿਆਨ ਕਰੋ।

11. ਕਿਨ੍ਹਾਂ ਕਾਰਣਾਂ ਕਰਕੇ ਸ੍ਰ. ਹਰੀ ਸਿੰਘ ਨਲੂਏ ਦਾ ਸਿੱਕਾ ਪਠਾਣਾਂ ਉਤੇ ਬੈਠਾ?

12. ਖੰਡੇ ਦੀ ਪਾਹੁਲ' ਛਕਣੀ ਕਿਉਂ ਜ਼ਰੂਰੀ ਹੈ? ਗੁਰਮਤਿ ਅਨੁਸਾਰ ਵਿਚਾਰਾਂ ਲਿਖੋ।

13. ਪੰਜ ਕਕਾਰ ਤੇ ਚਾਰ ਕੁਰਹਿਤਾਂ ਬਾਰੇ ਲੇਖ ਲਿਖੋ।

14. ਹਰੇਕ ਸ਼ਬਦ ਦਾ ਮੁੱਖ ਭਾਵ (ਰਹਾਉ) ਆਪਣੇ ਸ਼ਬਦਾਂ ਵਿਚ ਬਿਆਨ ਕਰੋ।

15. ਪਦ ਅਰਥ ਲਿਖੋ : ਮਹਿ ਰਮਦਾਨਾ, ਨੇਬੇਰਾ, ਜੰਜਾਰ, ਰਾਤੇ, ਅਘਨ, ਅਕਯਥ, ਮਨਸਾ, ਸੁਆਵੜਾ।

16. ਸੰਪੂਰਨ ਜਾਂ ਸਚਿਆਰ ਮਨੁੱਖ ਬਣਨ ਲਈ ਮਨੁੱਖ ਨੂੰ ਕਿਹੜੀਆਂ ਅਵਸਥਾਵਾਂ ਵਿਚੋਂ ਲੰਘਣਾ ਪੈਂਦਾ ਹੈ?

17. ਸੰਪੂਰਨ ਮਨੁੱਖ ਸਵਾਰਥੀ ਕਿਉਂ ਨਹੀਂ ਹੋ ਸਕਦਾ?

-0-